 ੧ੳ ਸਤਿਗੁਰ ਪ੍ਰਸਾਦਿ 



ਸਿੱਖ-ਨਾਮ ਕੋਸ਼

ਸੰਪਾਦਕ

ਸ. ਗੁਰਚਰਨਜੀਤ ਸਿੰਘ ਲਾਂਬਾ

ਐਡਵੋਕੇਟ

24, ਸ਼ਹੀਦ ਊਧਮ ਸਿੰਘ ਨਗਰ,

ਜਲੰਧਰ ਸ਼ਹਿਰ

ਵਿਸ਼ੇਸ਼ ਸਹਿਯੋਗ

ਅਕਾਡਮੀ ਆਫ਼ ਸਿੱਖ ਰਿਲੀਜ਼ਨ ਐਂਡ ਕਲਚਰ, ਪਟਿਆਲਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

1999

ਗੁਰੂ ਨਾਨਕ ਦੇਵ ਮਿਸ਼ਨ, ਲੜੀ-489

ਗੁਰੂ ਨਾਨਕ ਦੇਵ ਮਿਸ਼ਨ, ਅਕਾਡਮੀ ਆਫ਼ ਸਿੱਖ ਰਿਲੀਜ਼ਨ ਐਂਡ ਕਲਚਰ,

ਢਿਲੋਂ ਮਾਰਗ, ਭੁਪਿੰਦਰ ਨਗਰ, ਪਟਿਆਲਾ

ਭੇਟਾ : 6/-

ਵਿਸ਼ੇਸ਼ ਬੇਨਤੀਆਂ

1. ਜੀਵਨ-ਪ੍ਰਯੰਤ ਮੈਂਬਰ ਬਣਕੇ ਇਹੋ ਜਹੇ ਟ੍ਰੈਕਟ ਸਦਾ ਪ੍ਰਾਪਤ ਕਰਨਾ ਨਿਸਚਿਤ ਕਰੋ।
2. ਇਹ ਜਾਂ ਹੋਰ ਅਜਿਹੇ ਟ੍ਰੈਕਟ ਗੁਰਪੁਰਬਾਂ ਸਮੇਂ ਗੁਰਮਤਿ ਪ੍ਰਚਾਰ ਲਈ ਅਤੇ ਸਕੂਲ-ਕਾਲਜਾਂ ਦੇ ਵਿਦਿਆਰਥੀਆਂ ਨੂੰ ਇਨਾਮ ਦੇ ਤੌਰ ਤੇ ਵੰਡੋ। ਅਜੇਹੇ ਕਾਰਜਾਂ ਲਈ ਵਿਸ਼ੇਸ਼ ਛੂਟ 33% ਤੱਕ ਦਿੱਤੀ ਜਾ ਸਕਦੀ ਹੈ।

ਟ੍ਰੈਕਟ ਨੰ : 489 ਹੇਠ ਲਿਖਿਆਂ ਦੀ ਸਹਾਇਤਾ ਤੇ ਸਹਿਯੋਗ ਨਾਲ ਛਾਪਿਆ ਗਿਆ :

1. ਸ. ਨਰਿੰਦਰਪਾਲ ਸਿੰਘ, ਨਿਰਮਾਨ ਵਿਹਾਰ, ਨਵੀਂ ਦਿੱਲੀ।
2. ਸ. ਗੁਰਚਰਨ ਸਿੰਘ ਜੌਲੀ, ਮਹੀਮ, ਮੁੰਬਈ।
3. ਸ. ਜੁਗਿੰਦਰ ਸਿੰਘ ਤੇ ਸਰਦਾਰਨੀ ਹਰਜੀਤ ਕੌਰ, ਬੂਟਾ ਸਿੰਘ ਵਾਲਾ, ਪਟਿਆਲਾ।
4. ਸ. ਸੁਰਿੰਦਰਪਾਲ ਸਿੰਘ ਸੋਨੀ ਤੇ ਸਰਦਾਰਨੀ ਕਿਰਨ ਕੌਰ ਸੁਨਹਿਰੀ ਬਾਗ, ਰੋਹਨੀ, ਨਵੀਂ ਦਿੱਲੀ।

 ੧ੳ ਵਾਹਿਗੁਰੂ ਜੀ ਕੀ ਫ਼ਤਹਿ 

ਸਿੱਖ ਨਾਮ ਕੋਸ਼

ਪੌਰਾਣਿਕ ਸਾਹਿਤ ਵਿਚ ਇਕ ਸਾਖੀ ਦਾ ਜ਼ਿਕਰ ਆਉਂਦਾ ਹੈ ਕਿ ਕੰਨੌਜ ਵਾਸੀ ਬ੍ਰਾਹਮਣ ਅਜਾਮਲ ਨਾਮ ਦਾ ਇਕ ਦੁਰਾਚਾਰੀ ਵਿਅਕਤੀ ਸੀ ਜਿਸਨੇ ਕਿਸੇ ਵੇਸ਼ਿਆ ਨਾਲ ਵਿਆਹ ਕਰਵਾਇਆ ਅਤੇ ਇਸਦੇ ਸੱਤ ਪੁੱਤਰ ਸਨ। ਇਸ ਦੀ ਸਾਰੀ ਜ਼ਿੰਦਗੀ ਹੀ ਪਾਪਾਂ ਨਾਲ ਖਚਤ ਸੀ। ਉਸ ਦੇ ਸਭ ਤੋਂ ਛੋਟੇ ਪੁੱਤਰ ਦਾ ਨਾਮ ਨਾਰਾਇਣ ਸੀ। ਆਪਣੇ ਅੰਤਮ ਸਮੇਂ ਅਜਾਮਲ ਨੇ ਆਪਣੇ ਪੁੱਤਰ ਨਾਰਾਇਣ ਦਾ ਨਾਮ ਲੈ ਲੈ ਕੇ ਉਸਨੂੰ ਵਾਜਾਂ ਮਾਰੀਆਂ। ਇਸ ਅਖੀਰਲੀ ਘੜੀ ਵਿਚ ਨਾਰਾਇਣ ਕਹਿੰਦਿਆਂ ਕਹਿੰਦਿਆਂ ਉਸਦੀ ਸੁਰਤੀ ਨਾਰਾਇਣ ਵਿਚ ਟਿਕ ਗਈ। ਅੰਤਮ ਸਮੇਂ ਨਾਰਾਇਣ ਦਾ ਨਾਮ ਲੈਣ ਕਰਕੇ ਉਸ ਅਜਾਮਲ ਦਾ ਉਧਾਰ ਹੋਇਆ। ਜਨਮਾਨਸ ਤੇ ਇਸ ਪ੍ਰੇਰਨਾ ਦਾਇਕ ਸਾਖੀ ਦਾ ਕਾਫੀ ਪ੍ਰਭਾਵ ਸੀ। ਗੁਰੂ ਸਾਹਿਬ ਨੇ ਵੀ ਭਾਰਤੀ ਸੰਸਕ੍ਰਿਤੀ ਦੀ ਇਸ ਸਾਖੀ ਨੂੰ ਇਕ ਸਾਧਨ ਦੇ ਤੌਰ ਤੇ ਵਰਤਦਿਆਂ ਸਿਮਰਨ ਦੀ ਮਹੱਤਤਾ ਨੂੰ ਦ੍ਰਿੜ ਕਰਵਾਇਆ :

ਸੁਣਿ ਸਾਖੀ ਮਨ ਜਪਿ ਪਿਆਰ ॥
ਅਜਾਮਲੁ ਉਧਾਰਿਆ ਕਹਿ ਏਕ ਬਾਰ॥

– (ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1192-3)

ਅਜਾਮਲ ਦੀ ਇਸ ਗਾਥਾ ਨੂੰ ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਵਿਚ ਵਿਸਥਾਰ ਨਾਲ ਇਸ ਤਰ੍ਹਾਂ ਵਰਨਣ ਕੀਤਾ ਹੈ :

ਪਤਿ ਅਜਾਮਲ ਪਾਪ ਕਰ ਜਾਇ ਕਲਾ ਵਤਣੀ ਦੇ ਰਹਿਆ॥
ਗੁਰ ਤੇ ਬੇਮੁਖ ਹੋਇਕੈ ਪਾਪ ਕਮਾਵੈ ਦੁਰਮਤਿ ਦਹਿਆ॥
ਬ੍ਰਿਥਾ ਜਨਮ ਗਵਾਇਅਨੁ ਭਵਜਲ ਅੰਦਰ ਫਿਰਦਾ ਵਹਿਆ॥
ਛਿਅ ਪੁਤ ਜਾਏ ਵੇਸਵਾ ਪਾਪਾਂ ਦੇ ਫਲ ਇਛੇ ਲਹਿਆ॥
ਪੁਤ੍ਰ ਉਪੰਨਾ ਸਤਵਾਂ ਨਾਉਂ ਧਰਣ ਨੋਂ ਚਿਤ ਉਮਹਿਆ॥
ਗੁਰੂ ਦੁਆਰੇ ਜਾਇਕੈ ਗੁਰਮੁਖ ਨਾਉਂ ਨਰਾਇਣ ਕਹਿਆ॥
ਅੰਤਕਾਲ ਜਮਦੂਤ ਵੇਖ ਪੁਤ ਨਾਰਾਇਣ ਬੋਲੈ ਛਹਿਆ॥
ਜਮਗਣ ਮਾਰੇ ਹਰਿਜਨਾਂ ਗਇਆ ਸੁਰਗ ਜਮ ਡੰਡ ਨ ਸਹਿਆ॥
ਨਾਇ ਲਏ ਦੁਖ ਡੇਰਾ ਢਹਿਆ ॥20॥

ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ ਮਹਾਰਾਜ ਨੇ ਵੀ ਗਵਾਹੀ ਦਿੱਤੀ ਕਿ ਅਜਾਮਲ ਨੂੰ ਆਪਣੇ ਪੁੱਤਰ ਨਾਰਾਇਣ ਨਾਲ ਪ੍ਰੀਤ ਸੀ ਅਤੇ ਉਸਦੇ ਨਾਰਾਇਣ ਨੂੰ ਰਟਨ ਕਰਕੇ ਉਹ ਜਮਾਂ ਦੀ ਫਾਹੀ ਤੋਂ ਬਚ ਗਿਆ। ਸਾਹਿਬਾਂ ਦੇ ਬਚਨ ਹਨ :

ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਹਿ ਨਾਰਾਇਣ ਬੋਲਾਰੇ॥
ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥ 2॥

– (ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 981)

ਹਜ਼ੂਰ ਅਜਾਮਲ ਦਾ ਹੋਰ ਹਵਾਲਾ ਦਿੰਦਿਆਂ ਫਰਮਾਉਂਦੇ ਹਨ ਭਾਵੇਂ ਕੋਈ ਅਜਾਮਲ ਵਰਗਾ ਅਪਰਾਧੀ ਹੀ ਕਿਉਂ ਨਾ ਹੋਵੇ ਜੋ ਵੀ ਨਾਮ ਜਪੇਗਾ ਉਸ ਦਾ ਪਾਰ ਉਤਾਰਾ ਹੋਵੇਗਾ :

ਜੋ ਜੋ ਨਾਮੁ ਜਪੈ ਅਪਰਾਧੀ ਸਭਿ ਤਿਨ ਕੇ ਦੋਖ ਪਰਹਰੇ॥
ਬੇਸੁਆ ਰਵਤ ਅਜਾਮਲੁ ਉਧਰਿਓ ਮੁਖਿ ਬੋਲੈ ਨਾਰਾਇਣੁ ਨਰਹਰੇ॥

– (ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 995)

ਗੁਰੂ ਸਾਹਿਬ ਵਲੋਂ ਪ੍ਰਵਾਨਤ ਇਸ ਸਾਖੀ ਵਿਚੋਂ ਦੋ ਤੱਤ ਪ੍ਰਗਟ ਹੁੰਦੇ ਹਨ। ਪਹਿਲਾ, ਵਾਹਿਗੁਰੂ ਦਾ ਸਿਮਰਨ ਅਤੇ ਧਿਆਨ ਭਾਵੇਂ ਕਿਸੇ ਵੀ ਪ੍ਰੇਰਨਾ ਸਦਕਾ ਕਰ ਲਿਆ ਜਾਵੇ ਉਸਦਾ ਲਾਭ ਜ਼ਰੂਰ ਹੁੰਦਾ ਹੈ। ਦੂਸਰਾ, ਬੱਚਿਆਂ ਦੇ ਨਾਮ ਜ਼ਰੂਰ ਸਾਰਥਕ ਰੱਖੇ ਜਾਣ।

ਸਮਰਾਟ ਅਸ਼ੋਕ ਦੇ ਬਾਅਦ ਹਿੰਦੁਸਤਾਨੀ ਇਤਨੇ ਸਾਹ ਸੱਤ ਹੀਣ ਹੋ ਚੁਕੇ ਸਨ ਕਿ ਸਰਹੱਦੋਂ ਪਾਰ ਭੇਡਾਂ ਚਾਰਦੇ ਅਣਦਾਹੜੀਏ ਆਜੜੀ 'ਪਾਪ ਕੀ ਜੰਞ' ਲੈ ਧਾਵਾ ਬੋਲ ਕੇ ਹਿੰਦ ਦੀ ਇੱਜ਼ਤ ਨੂੰ ਹਿੱਕ ਦੇ ਜ਼ੋਰ ਪਰਣਾ ਲੈਂਦੇ ਸਨ। ਕਿੰਨੀ ਅਜੀਬ ਗੱਲ ਹੈ ਕਿ ਮੁਗਲ ਅਤੇ ਪਠਾਣ ਦਿੱਲੀ ਦੀ ਦਹਲੀਜ਼ ਤੇ ਲੜਾਈ ਵਿਚ ਗਹਿਗੱਚ ਹੋਏ ਕਿ ਹਿੰਦੁਸਤਾਨੀਆਂ ਤੇ ਰਾਜ ਕਿਸਨੇ ਕਰਨਾ ਹੈ ਅਤੇ ਇਥੋਂ ਦੀ ਜਨਤਾ ਤਿਆਰ ਖੜੀ ਹੈ ਕਿ ਜੋ ਵੀ ਜਿੱਤੇਗਾ ਅਸੀਂ ਉਸ ਦੀ ਰਿਆਇਆ ਬਣਨਾ ਹੈ।

ਗੁਰੂ ਸਾਹਿਬ ਨੇ ਇਸ ਤ੍ਰਾਸਦੀ ਦਾ ਇਕ ਕਾਰਣ ਇਹ ਵੀ ਵੇਖਿਆ ਕਿ ਧਾੜਵੀ ਅਤੇ ਹਮਲਾਵਰ ਘੱਟੋ ਘੱਟ ਆਪਣੇ ਨਾਮ ਦਾ ਅਸਰ ਤਾਂ ਜ਼ਰੂਰ ਛੱਡਦੇ ਸਨ। ਜਿਵੇਂ ਚੰਗੇਜ਼ ਖਾਨ, ਹਲਾਕੂ, ਤੈਮੂਰ ਆਦਿ ਆਦਿ। ਇਸਦੇ ਮੁਕਾਬਲੇ ਇੱਥੋਂ ਦੇ ਬਸ਼ਿੰਦੇ ਗਰੀਬ ਦਾਸ, ਮਾੜੂ ਰਾਮ, ਘਸੀਟਾ ਮਲ ਆਦਿ ਅਖਵਾ ਕੇ ਤਸੱਲੀ ਕਰਦੇ ਸਨ। ਸੋ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹੋਰ ਗੱਲਾਂ ਦੇ ਨਾਲ ਹਰ ਸਿੱਖ ਪੁਰਸ਼ ਦੇ ਨਾਮ ਨਾਲ 'ਸਿੰਘ' ਅਤੇ ਇਸਤ੍ਰੀ ਦੇ ਨਾਮ ਨਾਲ 'ਕੌਰ' ਦੀ ਬਖਸ਼ਿਸ਼ ਕੀਤੀ।

ਕਿਸੇ ਕਵੀ ਨੇ ਗੁਰੂ ਦੀ ਇਸ ਰਹਿਮਤ ਬਾਰੇ ਕਿਹਾ ਕਿ ਕਲਗੀਧਰ ਪਿਤਾ ਤੇਰੇ ਸਿੱਖ ਨਾਮ (ਸੰਗਿਆ) ਕਰਕੇ ਤਾਂ ਸਿੰਘ ਬਣ ਹੀ ਗਏ ਪਰ ਨਾਲ ਹੀ ਇਹ ਮੈਦਾਨੇ ਜੰਗ (ਸਮਰ) ਵਿਚ ਸ਼ੇਰ ਬਣ ਗਏ ਅਤੇ ਜਗ (ਦੁਨੀਆਂ) ਵਿਚ ਸ਼ੇਰ ਹੋ ਗਏ :

ਸਿੱਖ ਜੋ ਤਿਹਾਰੇ ਸੋ ਤੋ ਸੰਗਿਆ ਮੇਂ ਸਿੰਘ ਭਯੋ।
ਸੋ ਸਮਰ ਮੇਂ ਸਿੰਘ ਭਯੋ, ਸਿੰਘ ਭਯੋ ਜਗ ਮੇਂ।

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਪਣੇ ਚਾਰੋਂ ਸਾਹਿਬਜ਼ਾਦਿਆਂ ਦੇ ਨਾਮ ਬਾਬਾ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਪ੍ਰਤੱਖ ਪ੍ਰਮਾਣ ਹਨ ਕਿ ਗੁਰੂ ਸਾਹਿਬ ਨੇ ਕਿਤਨੇ ਸਾਰਥਕ ਨਾਮ ਦਿੱਤੇ ਹਨ। ਇਸੇ ਨਾਮ ਦੀ ਲਾਜ ਕਰਕੇ ਹੀ ਤਾਂ ਬਾਬਾ ਅਜੀਤ ਸਿੰਘ ਜੀ ਚਮਕੌਰ ਦੀ ਜੰਗ ਸਮੇਂ ਕਹਿ ਸਕੇ ਹਨ ਕਿ

ਨਾਮ ਕਾ ਅਜੀਤ ਹੂੰ ਜੀਤਾ ਨਾ ਜਾਊਂਗਾ।
ਗਰ ਹਾਰ ਗਿਆ ਹਾਰ ਕੇ ਜੀਤਾ ਨਾ ਆਊਂਗਾ।

ਪਰ ਨਾਲ ਹੀ ਹਜ਼ੂਰ ਫ਼ਰਮਾਉਂਦੇ ਹਨ ਕਿ ਨਾਂ ਭਾਵੇਂ ਕਿਸੇ ਦਾ ਜਿੰਨਾਂ ਮਰਜ਼ੀ ਵੱਡਾ ਹੋ ਜਾਏ ਜੇ ਰੱਬ ਦੀ ਨਜ਼ਰ ਵਿਚ ਮਨਜ਼ੂਰ ਨਹੀਂ ਤਾਂ ਇਹ ਨਿਰਰਥਕ ਹੈ :

ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥

– (ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 2)

ਇਹ ਚੰਗੇ ਨਾਮ ਦੀ ਹੀ ਗੱਲ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇਂ ਰਾਹੀਂ ਔਰੰਗਜ਼ੇਬ ਨੂੰ ਤਾੜਨਾ ਕੀਤੀ ਕਿ ਤੇਰੇ ਵਰਗੇ ਧੋਖੇ ਬਾਜ਼ ਅਤੇ ਜ਼ਾਲਮ ਵਿਅਕਤੀ ਨੂੰ ਔਰੰਗਜ਼ੇਬ ਵਰਗਾ ਪਾਵਨ ਨਾਮ ਸ਼ੋਭਾ ਨਹੀਂ ਦਿੰਦਾ ਅਤੇ ਜੇਕਰ ਤੂੰ ਔਰੰਗਜ਼ੇਬ ਨਾਮ ਹੀ ਰਖਣਾ ਹੈ ਤਾਂ ਫ਼ਿਰ ਫ਼ਰੇਬ ਤੋਂ ਤੋਬਾ ਕਰ :

ਨ ਜ਼ੇਬਤ ਤੁਰਾ ਨਾਮੇ ਔਰੰਗਜ਼ੇਬ॥
ਕਿ ਔਰੰਗਜ਼ੇਬਾਂ ਨ ਆਯਦ ਫ਼ਰੇਬ॥

ਨਾਮ ਦੀ ਮਹੱਤਤਾ ਇਸ ਗੱਲ ਤੋਂ ਵੀ ਜ਼ਾਹਿਰ ਹੈ ਕਿ ਹਜ਼ਰਤ ਈਸਾ ਮਸੀਹ ਨੂੰ ਚੰਦ ਚਾਂਦੀ ਦੇ ਸਿੱਕਿਆਂ ਦੀ ਖਾਤਰ ਪਕੜਾਉਣ ਵਾਲਾ ਉਹਨਾਂ ਦਾ ਆਪਣਾ ਨਜ਼ਦੀਕੀ 'ਜੂਡਾ' ਸੀ। ਇਸਲਾਮ ਵਿਚ ਹਜ਼ਰਤ ਹਸਨ-ਹੁਸੈਨ ਨੂੰ ਕਤਲ ਕਰਣ ਵਾਲਾ 'ਯਜ਼ੀਦ' ਸੀ। ਹਿੰਦੂ ਸੰਸਕ੍ਰਿਤੀ ਵਿਚ 'ਕੰਸ', 'ਦੁਰਯੋਧਨ', 'ਕੈਕਈ' ਅਤੇ 'ਰਾਵਣ' ਦਾ ਰੋਲ ਸਰਬਵਿਦਤ ਹੈ। ਇਹਨਾਂ ਵਿਅਕਤੀਆਂ ਦੇ ਕਿਰਦਾਰ ਦਾ ਅਸਰ ਸਮਾਜ ਤੇ ਇਤਨਾ ਜ਼ਿਆਦਾ ਪਿਆ ਕਿ ਅੱਜ ਕੋਈ ਈਸਾਈ ਆਪਣੇ ਬੱਚੇ ਦਾ ਨਾਮ 'ਜੂਡਾ' ਨਹੀਂ ਰੱਖਦਾ। ਇਸੇ ਤਰ੍ਹਾਂ ਮੁਸਲਮਾਨ 'ਯਜ਼ੀਦ' ਅਤੇ ਹਿੰਦੂ 'ਕੰਸ', 'ਰਾਵਣ', 'ਕੈਕਈ', 'ਦੁਰਯੋਧਨ' ਆਦਿ ਨਾਮ ਨਹੀਂ ਰਖਦੇ। ਜਿੰਨੀ ਕੁ ਇਹਨਾਂ ਨਾਵਾਂ ਨਾਲ ਇਹਨਾਂ ਕੌਮਾਂ ਨੂੰ ਹਿਕਾਰਤ ਅਤੇ ਨਫ਼ਰਤ ਹੈ ਸਿੱਖਾਂ ਨੂੰ ਔਰੰਗਜ਼ੇਬ ਨਾਮ ਨਾਲ ਉਸ ਤੋਂ ਘੱਟ ਨਹੀਂ। ਪਰ ਕਿਤਨੀ ਅਜੀਬ ਗੱਲ ਹੈ ਕਿ ਦਿੱਲੀ ਵਿਚ ਇਕ ਸੜਕ ਦਾ ਨਾਮ ਔਰੰਗਜ਼ੇਬ ਰੋਡ ਰੱਖ ਕੇ ਉਸ ਦਾ ਸਨਮਾਨ ਕੀਤਾ ਗਿਆ ਹੈ। ਜੇਕਰ ਔਰੰਗਜ਼ੇਬ ਦੇ ਹਿੰਦੁਸਤਾਨ ਦਾ ਬਾਦਸ਼ਾਹ ਹੋਣ ਕਰਕੇ ਇਹ ਸਨਮਾਨ ਦਿੱਤਾ ਗਿਆ ਹੈ ਤਾਂ ਕੰਸ, ਦੁਰਯੋਧਨ ਅਤੇ ਰਾਵਣ ਵੀ ਤਾਂ ਰਾਜੇ ਹੀ ਸਨ।

ਭਾਈ ਜੋਗਾ ਸਿੰਘ ਦੀ ਸਾਖੀ ਵੀ ਪ੍ਰੇਰਨਾ ਦਿੰਦੀ ਹੈ ਕਿ ਸਾਹਿਬਾਂ ਦੇ ਪੁੱਛਣ ਤੇ ਇਸਨੇ ਆਪਣਾ ਨਾਮ ਜੋਗਾ ਦੱਸਿਆ। ਇਸ ਤੋਂ ਚੋਜੀ ਪ੍ਰੀਤਮ ਨੇ ਰਹਿਮਤ ਕੀਤੀ ਕਿ ਜੇ ਕਰ ਤੂੰ ਮੇਰੇ ਜੋਗਾ ਹੈਂ ਤਾਂ ਮੈਂ ਵੀ ਤੇਰੇ ਜੋਗਾ ਹਾਂ।

ਇਤਿਹਾਸ ਵਿਚ ਇਕ ਹੋਰ ਵਾਰਤਾ ਦਾ ਜ਼ਿਕਰ ਆਉਂਦਾ ਹੈ ਕਿ ਕਲਗੀਧਰ ਪਿਤਾ ਨੇ ਇਕ ਬੱਚੇ ਦਾ ਨਾਮ ਖ਼ੁਦ ਰੱਖਿਆ ਸੀ। 'ਹਰਬੋਲਮਨਾ'। ਇਸ ਪਿਆਰੇ ਅਤੇ ਅਰਥ ਭਰਪੂਰ ਨਾਮ ਦਾ ਇਕ ਛੰਦ ਵੀ ਗੁਰੂ ਜੀ ਨੇ ਉਚਾਰਿਆ।

ਪਰ ਹੁਣ ਲਗਦਾ ਹੈ ਕਿ ਨਾਮ ਰੱਖਣ ਦੇ ਮਾਮਲੇ ਵਿਚ ਸਾਡੀ ਸਿਰਜਣ ਸ਼ਕਤੀ ਕੋਈ ਬਹੁਤ ਉਪਜਾਊ ਨਹੀਂ ਰਹੀ। ਬੜੇ ਥੋੜੇ ਜਹੇ ਨਾਮ ਤੇ ਉਹਨਾਂ ਵਿਚੋਂ ਵੀ ਕਈ ਅਰਥਹੀਣ ਬਣਕੇ ਰਹਿ ਗਏ ਹਨ। ਗੁਰੂ ਸਾਹਿਬ ਦੇ ਬਖਸ਼ੇ 'ਸਿੰਘ' ਅਤੇ 'ਕੌਰ' ਸ਼ਬਦ ਨੂੰ

ਨਾਮ ਨਾਲ ਨਾ ਵਰਤਣਾ ਅਕਿਰਤਘਣਤਾ ਦੇ ਨਾਲ ਹੀਣਤਾ ਦੀ ਭਾਵਨਾ ਵੀ ਦਰਸਾਉਂਦਾ ਹੈ। ਕੋਈ ਬੋਲੀ ਅਪਵਿਤ੍ਰ ਨਹੀਂ ਹੈ। ਗੁਰੂ ਜੀ ਨੇ ਫਾਰਸੀ ਅਤੇ ਸੰਸਕ੍ਰਤ ਦੇ ਸੁਮੇਲ ਨੂੰ ਵੀ ਬਖੂਬੀ ਵਰਤਿਆ ਹੈ, ਸਮਸਤੁਲ ਸਲਾਮੇ। ਮਹਾਤਮਾ ਬੁੱਧ ਨੇ ਵੀ ਕਿਸੇ ਵਿਸ਼ੇਸ਼ ਬੋਲੀ ਨੂੰ ਕੋਈ ਮਹੱਤਤਾ ਨਹੀਂ ਦਿੱਤੀ। ਕੋਈ ਬੋਲੀ ਦੇਵ ਭਾਸ਼ਾ ਨਹੀਂ ਅਤੇ ਨਾ ਹੀ ਕੋਈ ਮਲੇਛ ਭਾਸ਼ਾ ਹੈ। ਉਹ ਬੋਲੀ ਅਤੇ ਭਾਸ਼ਾ ਮੁਬਾਰਕ ਹੈ ਜਿਹੜੀ ਪ੍ਰੀਤਮ ਦੀ ਗਲੀ ਦਾ ਰਸਤਾ ਦੱਸੇ। ਸੋ ਭਾਸ਼ਾ ਅਤੇ ਬੋਲੀ ਭਾਵੇਂ ਕੋਈ ਹੋਵੇ ਇਤਨੀ ਅਹਿਮੀਅਤ ਨਹੀਂ ਰਖਦੀ। ਹਾਂ ਨਾਮ ਦੇ ਨਾਲ ਗੁਰੂ ਦੀ ਬਖਸ਼ਿਸ਼ ਅਤੇ ਹੁਕਮ ਸਮਝ ਕੇ 'ਸਿੰਘ' ਅਤੇ 'ਕੌਰ' ਜ਼ਰੂਰ ਲਾਣੇ ਚਾਹੀਦੇ ਹਨ। ਇਹ ਕੌਮੀ ਫ਼ਖਰ ਦੀ ਨਿਸ਼ਾਨੀ ਹੈ।

ਨਾਮ ਭਾਵੇਂ ਜਿਹੜਾ ਵੀ ਰਖ ਲਏ। ਜਿਵੇਂ ਕਿਸੇ ਮਾਡਰਨ ਸਿੱਖ ਨੇ ਆਪਣੇ ਬੱਚਿਆਂ ਦੇ ਨਾਮ Humle Singh, Gentle Singh, Noble Singh ਅਤੇ Simple Singh ਰਖੇ। ਪਰ ਸਿੱਖ ਨਾਵਾਂ ਦੀ ਇਕ ਹੋਰ ਵਲਿੱਖਣਤਾ ਹੈ ਕਿ ਜਿੱਥੇ ਹਿੰਦੂ ਨਾਮ ਮਿਲਖੀ ਰਾਮ, ਸਰਦਾਰੀ ਲਾਲ,ਦਰਬਾਰੀ ਲਾਲ ਆਦਿ ਸਾਰੇ ਇਸਤ੍ਰੀ ਲਿੰਗ ਹਨ ਉੱਥੇ ਇਹਨਾਂ ਹੀ ਨਾਵਾਂ ਦਾ ਸਿੱਖ ਰੂਪ ਮਿਲਖਾ ਸਿੰਘ, ਸਰਦਾਰਾ ਸਿੰਘ ਅਤੇ ਦਰਬਾਰਾ ਸਿੰਘ ਹੋ ਗਿਆ।

ਪਰ ਕਈ ਵਾਰ ਤਾਂ ਬੜੇ ਹੀ ਹਾਸੋ ਹੀਣੇ ਜਹੇ ਨਾਮ ਰੱਖ ਲਏ ਜਾਂਦੇ ਹਨ। ਜਿਵੇਂ ਸ਼ੇਰ ਸਿੰਘ ਦੇ ਪੁੱਤਰਾਂ ਦਾ ਨਾਮ ਬਿੱਲਾ ਜਾਂ ਡੱਬੂ। ਮੇਰੇ ਇਕ ਮਿੱਤਰ ਦਸਦੇ ਹਨ ਕਿ ਉਹਨਾਂ ਦੇ ਕਿਸੇ ਜਾਣ ਪਛਾਣ ਵਾਲੇ ਦਾ ਨਾਮ ਤਰੇਹਟਾ ਸੀ। ਜਦੋਂ ਉਸ ਨੂੰ ਪੁਛਿਆ ਕਿ ਇਹ ਕੀ? ਤਾਂ ਉਹ ਕਹਿਣ ਲੱਗਾ, 'ਜੀ ਮੈਂ ਉਨੀ ਸੌ ਤਰੇਹਟ ਵਿਚ ਜੰਮਿਆ ਸੀ ਸੋ ਘਰ ਦਿਆਂ ਨੇ ਮੇਰਾ ਨਾਮ ਤਰੇਹਟਾ ਹੀ ਰਖ ਦਿੱਤਾ।' ਨਵੀਂ ਤਹਿਜ਼ੀਬ ਨਾਲ ਸਰਾਬੋਰ ਹੋਏ ਕਈ ਘਰਾਂ ਵਿਚ ਤਾਂ ਹੁਣ ਧੀਆਂ ਦੇ ਨਾਮ ਸ਼ੈਰੀ, ਬਰਾਂਡੀ ਅਤੇ ਵਿਸਕੀ ਤਕ ਸੁਣਾਈ ਦੇਣ ਲਗ ਪਏ ਹਨ। ਇਸ ਬਾਰੇ ਅਕਬਰ ਅਲਾਹਾਬਾਦੀ ਨੇ ਕਿਹਾ ਸੀ :

ਨਈ ਤਹਿਜ਼ੀਬ ਸੇ ਹੁਏ ਇਸ ਕਦਰ ਮੁਹੱਜ਼ਬ,
ਕਿ ਕਟੀ ਉਮਰ ਹੋਟਲੋਂ ਮੇਂ, ਮਰੇ ਅਸਪਤਾਲ ਜਾਕਰ।

ਅਲਬੱਤਾ ਕਿਸੇ ਬੰਦੇ ਨੇ ਆਪਣੇ ਪੁੱਤਰਾਂ ਦੇ ਨਾਮ ਕੁੱਤਾ ਅਤੇ ਬਿੱਲਾ ਰੱਖੇ। ਉਸਦੇ ਮਿੱਤਰ ਨੇ ਇਤਰਾਜ਼ ਕੀਤਾ ਕਿ ਇਹ ਤੂੰ ਬੜਾ ਹੀ ਮਾੜਾ ਕੀਤਾ ਹੈ, ਇਹ ਕੀ ਨਾਮ ਰੱਖੇ ਹਨ। ਤਾਂ ਉਸਨ ਜਵਾਬ ਦਿੱਤਾ ਕਿ ਵੇਖ ਜੇ ਤਾਂ ਇਹ ਵੱਡੇ ਹੋ ਕੇ ਬੰਦੇ ਦੇ ਪੁੱਤ ਬਣ ਗਏ ਤਾਂ ਕੁੱਤੇ ਦਾ ਨਾਮ ਤਾਂ ਮੈਂ ਕੁਤਬਦੀਨ (ਕਿਤਾਬਾਂ ਦਾ ਗਿਆਤਾ, ਵਿਦਵਾਨ) ਕਰ ਦਿਆਂਗਾ ਅਤੇ ਬਿੱਲੇ ਦਾ ਬਿਲੌਰਦੀਨ (ਹੀਰੇ ਜਵਾਹਾਰਾਤ ਦਾ ਪਾਰਖੂ) ਰੱਖ ਦਿਆਂਗਾ। ਨਹੀਂ ਤਾਂ ਇਸੇ ਤਰ੍ਹਾਂ ਹੀ ਰਹਿਣ ਦੇਣੇ ਹਨ।

ਨਾਮ ਰੱਖਣ ਸਮੇਂ ਚੋਖੀ ਦਿੱਕਤ ਪੇਸ਼ ਆਉਂਦੀ ਹੈ। ਕਈ ਦਫਾ ਤਾਂ ਲੋਕ ਜਿਹੜੀ ਚੀਜ਼ ਸਾਹਮਣੇ ਆ ਜਾਏ ਉਸੇ ਤੇ ਨਾਮ ਰੱਖ ਲੈਂਦੇ ਹਨ, ਜਿਵੇਂ ਦਵਾਤ ਸਿੰਘ, ਕਲਮ ਸਿੰਘ, ਸ਼ੈਤਾਨ ਸਿੰਘ, ਰਾਬੜੀ ਦੇਵੀ ਆਦਿ ਆਦਿ। ਨਵਾਬ ਸਿਰਾਜੁਦੌਲਾ ਦੇ ਬਾਰੇ ਜ਼ਿਕਰ ਆਉਂਦਾ ਹੈ ਕਿ ਉਸਦੇ ਬਾਰਾਂ ਪੁੱਤਰ ਸਨ ਅਤੇ ਹਰ ਇਕ ਦੇ ਨਾਮ ਦੇ ਅਖੀਰ ਵਿਚ ਅੱਲ੍ਹਾ

ਆਉਂਦਾ ਸੀ। ਜਦੋਂ ਉਸਦਾ ਤੇਰਵ੍ਹਾਂ ਪੁੱਤਰ ਜੰਮਿਆਂ ਤਾਂ ਉਸਨੇ ਆਪਣੇ ਵਜ਼ੀਰ ਨੂੰ ਪੁੱਛਿਆ ਕਿ ਇਸਦਾ ਕੀ ਨਾਮ ਰਖਣਾ ਹੈ, ਪਰ ਅਖੀਰ ਵਿਚ ਅੱਲਾ ਜ਼ਰੂਰ ਆਣਾ ਚਾਹੀਦਾ ਹੈ। ਹਾਜ਼ਰ ਜਵਾਬ ਵਜ਼ੀਰ ਨੇ ਕਿਹਾ 'ਬਸ ਕਰ ਅੱਲ੍ਹਾ'।

ਇਸ ਵਿਚ ਕੋਈ ਸ਼ੱਕ ਨਹੀਂ ਕਿ ਵਾਹਿਗੁਰੂ ਕਹਿਣ ਨਾਲ ਵਹਿਗੁਰੂ ਨਾਲ ਬਣ ਆਉਂਦੀ ਹੈ। ਜਿਵੇਂ ਕੇਵਲ ਨਿੰਬੂ ਕਹਿਣ ਮਾਤਰ ਨਾਲ ਮੂੰਹ ਵਿਚ ਪਾਣੀ ਆ ਜਾਂਦਾ ਹੈ। ਸੋ ਇਸ ਸਾਰੀ ਵਾਰਤਾ ਦਾ ਨਿਚੋੜ ਇਹ ਹੈ ਕਿ ਨਾਮ ਇਨਸਾਨ੍ਹ ਦੇ ਸੰਸਕਾਰ ਬਣਾਉਂਦੇ ਹਨ। ਇਸ ਲਈ ਨਾਮ ਸੋਚ ਸਮਝ ਕੇ ਸਾਰਥਕ ਰੱਖੇ ਜਾਣੇ। ਇਸ ਲਈ ਸਿੱਖ ਸਭਿਅਤਾ, ਇਤਿਹਾਸ, ਗੁਰਬਾਣੀ ਨੂੰ ਆਧਾਰ ਬਣਾ ਕੇ ਢੁਕਵੇਂ ਨਵਾਂ ਦੀ ਸੂਚੀ ਤਿਆਰ ਕੀਤੀ ਹੈ। ਇਸ ਵਿਚ ਪੁਰਾਤਨ ਅਤੇ ਨਵੇਂ ਅਤੇ ਕੁਝ ਅਤਿ ਨਵੇਂ ਨਾਮ ਦੇਣ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ ਨੀਲ ਅਸਪ। ਅਸਪ ਦਾ ਅਰਥ ਹੁੰਦਾ ਹੈ ਘੋੜਾ। ਸੋ ਨੀਲ ਅਸਪ ਦਾ ਅਰਥ ਹੈ 'ਨੀਲਾ ਘੋੜਾ'। ਸੋ ਜੇਕਰ ਇਹ ਸੂਚੀ ਕੰਮ ਆ ਸਕੇ ਤਾਂ ਉਪਰਾਲਾ ਸਾਰਥਕ ਕਿਹਾ ਜਾਵੇਗਾ। ਹਾਂ ਜੇਕਰ ਹੋਰ ਕੋਈ ਬਿਹਤਰ ਅਤੇ ਸਾਰਥਕ ਨਾਮ ਮਿਲਣ ਤਾਂ ਉਹ ਜ਼ਰੂਰ ਰਖੇ ਜਾਣ। ਇਸ ਸੂਚੀ ਦੇ ਵਾਧੇ ਲਈ ਸੁਝਾਵਾਂ ਦਾ ਸਵਾਗਤ ਹੈ।

ਨਾਵਾਂ ਦੀ ਇਸ ਸੂਚੀ ਨੂੰ ਮੇਰੇ ਮਿੱਤਰ ਸ. ਅਮਰ ਸਿੰਘ ਹੁਰਾਂ ਨੇ ਅੱਖਰ-ਕ੍ਰਮ ਲਗ-ਮਾਤਰ ਅਨੁਸਾਰ ਤਰਤੀਬ ਦੇ ਕੇ ਇਸ ਨੂੰ ਹੋਰ ਵੀ ਲਾਭਦਾਇਕ ਬਣਾ ਦਿੱਤਾ ਹੈ, ਮੈਂ ਉਨ੍ਹਾਂ ਦਾ ਇਸ ਸੇਵਾ ਲਈ ਧੰਨਵਾਦੀ ਹਾਂ।

ੳ

ਉਂਕਾਰ
ਉੱਗਰ
ਉੱਜਲ
ਉੱਜਲਦੀਦਾਰ
ਉਜਾਗਰ
ਉੱਤਮ
ਉੱਦਮ
ਉਦੇ
ਉਦੇਸ਼
ਉਨਮਾਨ
ਉਪਕਾਰ
ਉਪਦੇਸ਼
ਉਪਿੰਦ੍
ਉਮੰਗ
ਉਮਰਾਓ
ਉਮਾਹ
ਉਲਫ਼ਤ
ਊਧਮ
ਓਜਵੰਤ
ਓਟ

ਅ

ਅਸਸਰਣ
ਅਸਗਾਹ
ਅਸਥਾਵਰ
ਅਸਪਾਨ
ਅਸਪਿੰਦਰ
ਅਸਵਜੀਤ
ਅਸਵਪਾਲ
ਅਸਿਕੇਤੂ
ਅਸਿੰਦਰ
ਅਸਿਧੁੱਜ
ਅਸੀਮ
ਅਸ਼ੋਕ
ਅਕਾਲ
ਅਕੁਲਪੁਰਖ
ਅੰਗਦ
ਅੰਗਰੇਜ਼
ਅਗਾਧ
ਅਗੋਚਰ
ਅਚਲ
ਅਚਿੰਤ
ਅੱਛਰ
ਅਜਬ
ਅਜਾਇਬ
ਅਜਾਮਲ
ਅਜਿੱਤ
ਅਜੀਤ
ਅਜੀਤਪਾਲ
ਅਜੈ
ਅਟਲ
ਅੱਡਣ
ਅਡਰ
ਅਤਰ
ਅਤਿੰਦਰ
ਅਤਿੰਦਰਪਾਲ
ਅਨਹਤ
ਅਨਹਦ
ਅਨੰਤ
ਅਨੰਦਗੜ੍ਹ
ਅਨਭੂਤ
ਅਨਭੇਖ
ਅਨਮੋਲ
ਅਨਾਹਦ
ਅਨੁਮੀਤ
ਅਨੂਪ
ਅਨੂਪਮ
ਅਨੇਖ
ਅਪਾਰ
ਅਪੂਰਬ
ਅਬਿਨਾਸ਼
ਅਬਿਨਾਸ਼ੀ
ਅਬੋਧ
ਅਭੀਤ
ਅਭੈ
ਅਮਨ
ਅਮਨਦੀਪ
ਅਮਰ
ਅਮਰਜੀਤ
ਅਮਰਪਦ
ਅਮਰਪ੍ਰੀਤ
ਅਮਰਬੀਰ
ਅਮਰੀਕ
ਅਮਿੱਟ
ਅਮਿੱਤ
ਅਮਿਤੇਜ
ਅਮੀਕ
ਅਮੀਰ
ਅਮੁਲੀਕ
ਅਮੋਘ
ਅਮੋਲਕ
ਅੰਮ੍ਰਿਤ
ਅੰਮ੍ਰਿਤਪਾਲ
ਅਰਜਨ
ਅਰਜੀਤ
ਅਰਪਤ
ਅਰਪਨ
ਅਰਮਾਨ
ਅਰਵਿੰਦਰ
ਅਰਿਖਾਪਨ
ਅਰਿਗੰਜਨ
ਅਰਿੰਜਨ
ਅਰਿਘਾਲਯ
ਅਰਿਤਾਪਨ
ਅਰਿਦਮਨ
ਅਰਿਭੰਜਨ
ਅਰਿਮੰਜਨ
ਅਰੁਨਜੋਤ
ਅਰੂੜ੍ਹ
ਅਲੱਖ
ਅਲਬੇਲ
ਅਲਮਸਤ
ਅਲੇਖ
ਅਵਤਾਰ
ਅਵਨੀਸ਼
ਅਵਨੀਤ
ਅਵਨੀਧਰ
ਅਵਨੀਪਦ
ਅੱਵਲ
ਅੱਵਲੀਨ
ਆਸਾ
ਆਗਯਾ
ਆਦਿਲ
ਆਦੇਸ਼
ਆਦੇਸ਼ਪਾਲ

ਆਦੇਸ਼ਪ੍ਰਤਾਪ
ਆਦੇਸ਼ਬੀਰ
ਆਫ਼ਤਾਬ
ਆਬਦਾਰ
ਆਯਾ
ਆਲਮਗੀਰ
ਆਲਮਜੀਤ
ਆਲਮਜੋਤ
ਆਲਮਨੂਰ
ਆਲ੍ਹਾ

ੲ

ਇਸ਼ਟਜੋਤ
ਇਸ਼ਟਦੀਪ
ਇਸ਼ਟਪ੍ਰੀਤ
ਇਸ਼ਟਮੀਤ
ਇਕਬਾਲ
ਇਕਮੀਤ
ਇੱਛਪੂਰਕ
ਇੰਦਰ
ਇੰਦਰਜੀਤ
ਇੰਦਰਬੀਰ
ਇਲਮਜੋਤ
ਇਲਮਨੂਰ
ਇਲਮਪ੍ਰੀਤ
ਈਸ਼ਰ
ਈਸ਼ਵਰ
ਏਕਜੋਤ
ਏਕਦ੍ਰਿਸ਼ਟ
ਏਕਪ੍ਰੀਤ
ਏਕਮੀਤ
ਏਕਮਹ

ਸ

ਸ਼ਊਰ
ਸਹਜ
ਸਹਜਪਾਲ
ਸ਼ਕਤੀ
ਸੰਗਤ
ਸ਼ਿੰਗਾਰਾ
ਸੰਗੀਤ
ਸੰਗ੍ਰਾਮ
ਸਚਿਆਰ
ਸੱਜਣ
ਸੰਜਮ
ਸਜਿੰਦਰ
ਸੰਜੀਤ
ਸੰਜੀਵਨ
ਸੰਜੋਗ
ਸੰਤ
ਸਤਕਰਤਾਰ
ਸਤਕਾਰ
ਸਤਕ੍ਰਿਤ
ਸਤਜੀਤ
ਸਤਜੀਵਨ
ਸਤਜੋਤ
ਸਤਨਾਮ
ਸਤਪੁਰਖ
ਸੰਤਪ੍ਰਤਾਪ
ਸਤਬਚਨ
ਸਤਬੀਰ
ਸਤਬੈਨ
ਸੰਤਮੀਤ
ਸੰਤਰੂਪ
ਸੰਤਰੇਣ
ਸਤਵੰਤ
ਸਤਵਿੰਦਰ
ਸੰਤਾ
ਸੰਤਾਪਹਰਣ
ਸਤਿੰਦਰ
ਸੰਤੋਖ
ਸਦਸੁਹਾਣ
ਸਦਜੀਵਨ
ਸਦਪੁਰਖ
ਸਦਬਚਨ
ਸਦਾ
ਸਦਾਸ਼ਿਵ
ਸੰਦੀਪ
ਸਨਮਾਨ
ਸਨਮੀਤ
ਸਨਮੁਖ
ਸੰਪੂਰਨ
ਸਫ਼ਲ
ਸਬਲ
ਸ਼ਮਸ਼ੀਰ
ਸ਼ਮਸ਼ੇਰ
ਸਮਦਰਸ
ਸਮਦ੍ਰਿਸ਼ਟ
ਸਮਰ
ਸਮਰਜੀਤ
ਸਮਰਜੋਧ
ਸਮਰਤੁਰੰਗ
ਸਮਰੱਥ
ਸਮਰਨਾਦ
ਸਮਰਪਣ
ਸਮਰਪਤ
ਸਮਰਪ੍ਰੀਤ
ਸਮਰਬੀਰ
ਸਮਿੱਤਰ
ਸਮੀਰ
ਸਮੁੰਦ
ਸਰਜਿੰਦਰ
ਸ਼ਰਣਾਗਤ
ਸਰਤਾਜ
ਸਰਦਾਰ
ਸਰਦਾਰਾ
ਸਰਦੂਲ
ਸਰਨ
ਸਰਨਪਾਲ
ਸਰਫਰੋਸ਼
ਸਰਬਅਧਾਰ
ਸਰਬਜੀਤ
ਸਰਬਜੋਤ
ਸਰਬਪਾਲ
ਸਰਬਪਾਲਕ
ਸਰਬਪ੍ਰੀਤ
ਸਰਬਮਾਨ
ਸਰਬਲੋਹ
ਸ਼ਰਮ
ਸਰਮੁਖ
ਸਰਵਣ
ਸਰੂਪ
ਸਰੋਹੀ
ਸਵਰਨ
ਸਵਰਾਜ
[illegible]

ਸ਼ਾਹਸਵਾਰ
ਸ਼ਾਹਤੇਜ
ਸ਼ਾਹਬਾਜ਼
ਸ਼ਾਹਬੁਧ
ਸ਼ਾਹਬੇਗ
ਸ਼ਾਹਰੂਪ
ਸਾਹਿਬ
ਸਾਹਿਬਦਿੱਤਾ
ਸਾਹਿਬਦਿਮਾਗ
ਸਾਹਿਬੀ
ਸਾਜਨ
ਸ਼ਾਂਤਵੀਰ
ਸ਼ਾਦੀ
ਸਾਧਾ
ਸ਼ਾਨ
ਸ਼ਾਮ
ਸਾਰੰਗ
ਸਾਰੰਗਪਾਣ
ਸਾਰਜੰਟ
ਸਾਰਦੂਲ
ਸਾਰਬਚਨ
ਸਾਵਣ
ਸ਼ਿਸ਼ੂਪਾਲ
ਸਿਕਦਰ
ਸਿਕੰਦਰ
ਸ਼ਿੰਗਾਰ
ਸਿੰਘਕੇਤ
ਸਿੰਘਨਾਦ
ਸਿਦੰਕ
ਸ਼ਿੰਦਰਪਾਲ
ਸਿੱਧਪੁਰਖ
ਸਿਮਰਜੋਤ

ਸਿਮਰਦੀਪ
ਸਿਮਰਨ
ਸਿਮਰਪ੍ਰੀਤ
ਸਿਰਦਾਰ
ਸਿਰਮੌਰ
ਸ਼ਿਵਚਰਨ
ਸ਼ਿਵਦੇਵ
ਸ਼ਿਵਦੇਵਾ
ਸੀਤਲ
ਸੁਹਾਣ
ਸੁਹਾਵਾ
ਸੁਹਾਵੀ
ਸੁਹੇਲ
ਸੁਕਰਮ
ਸੁਕਿਰਤ
ਸੁਕ੍ਰਿਤ
ਸੁਖਚੈਨ
ਸੁਖਜਿੰਦਰ
ਸੁਖਜੋਤ
ਸੁਖਦਰਸ
ਸੁਖਦਰਸ਼ਨ
ਸੁਖਦਿਆਲ
ਸੁਖਦੀਪ
ਸੁਖਦੇਵ
ਸੁਖਨਿਕੇਤ
ਸੁਖਨਿੰਦਰ
ਸੁਖਨਿਧਾਨ
ਸੁਖਪਾਲ
ਸੁਖਪ੍ਰੀਤ
ਸੁਖਬੀਰ
ਸੁਖਮਨ
ਸੁੱਖਰਾਜ

ਸੁਖਵੰਤ
ਸੁਖਵਿੰਦਰ
ਸੁੱਖਾ
ਸੁਗਿਆਨ
ਸੁੱਚਾ
ਸੁਚੇਤ
ਸੁਜਾਨ
ਸੁਜਾਪ
ਸੁਜੋਗ
ਸੁਜੇਤ
ਸੁੰਦਰ
ਸੁਦਰਸ਼ਨ
ਸੁੱਧ
ਸੁਧਰਮ
ਸੁਧਾਸਰ
ਸੁਪਿੰਦਰ
ਸੁਪ੍ਰਸੰਨ
ਸੁਫ਼ਲ
ਸ਼ੁਭਆਤਮਾ
ਸ਼ੁਭਇੱਛ
ਸ਼ੁਭਚਿੰਤ
ਸ਼ੁਭਦਯਾ
ਸ਼ੁਭਦਿਆਲ
ਸ਼ੁਭਦ੍ਰਿਸ਼ਟ
ਸ਼ੁਭਮੰਗ
ਸ਼ੁਭਵੀਚਾਰ
ਸੁਮੀਤ
ਸੁਮੀਤਇੰਦ੍ਰ
ਸੁਮੇਧ
ਸੁਮੇਰ
ਸੁਰ
ਸੁਰਜਨ

ਸੁਰਜੀਤ
ਸੁਰਿੰਦਰ
ਸੁਰੇਂਦਰ
ਸੁਰੈਣ
ਸੁਲੱਖਣ
ਸੁਲਤਾਨ
ਸੁਲੋਚ
ਸੂਬਾ
ਸੂਰਤ
ਸੂਰਾ
ਸ਼ੇਰ
ਸ਼ੇਰਦਿਲ
ਸ਼ੇਰਬਹਾਦਰ
ਸੇਵਕ
ਸੇਵਾ
ਸੈਨਾਪਤ
ਸੈਫ਼
ਸੋਸਿਮਰ
ਸੋਹਣ
ਸੋਗਹਰਣ
ਸੋਜਾਪ
ਸੋਪੁਰਖ
ਸੋਭਾ
ਸੋਮਸਰ
ਸੌਦਾਗਰ
ਸ੍ਰੀਸਾਹਿਬ
ਸ੍ਰੀਧਰ
ਸ੍ਰੀਪਤਿ

ਹ

ਹੰਸਾ

ਹਕੀਕਤ	ਹਰਕਿਰਨ	ਹਰਦਾਦ	ਹਰਬਖ਼ਸ਼
ਹਜ਼ੂਰ	ਹਰਕੀ ਕੌਰ	ਹਰਦਿੱਤ	ਹਰਬਰਕਤ
ਹਜ਼ੂਰਾ	ਹਰਕੀਟ	ਹਰਦੀਸ਼	ਹਰਬਿਲਾਸ
ਹਠੀ	ਹਰਕੀਰਤ	ਹਰਦੀਪ	ਹਰਬੀਰ
ਹਨਵੰਤ	ਹਰਕੁਲ	ਹਰਦੀਪਕ	ਹਰਬੋਹਿਥ
ਹਰਉੱਮਤ	ਹਰਕੇ	ਹਰਦੀਪਨ	ਹਰਬੋਧ
ਹਰਉਵਾਚ	ਹਰਕੇਤ	ਹਰਦੇਵ	ਹਰਬੋਲਮਨਾ
ਹਰਓਟ	ਹਰਕ੍ਰਿਪਾ	ਹਰਦ੍ਰਿਸ਼ਟ	ਹਰਭਗਤ
ਹਰਅੰਸ਼	ਹਰਗਿਆਨ	ਹਰਧਾਮ	ਹਰਭਜਨ
ਹਰਅੰਚਲ	ਹਰਗੁਰਨਾਦ	ਹਰਧਿਆਨ	ਹਰਭਾਗ
ਹਰਇੰਦਰ	ਹਰਚੰਦ	ਹਰਧੀਰ	ਹਰਮਹਿੰਦਰ
ਹਰਸੰਗ	ਹਰਚੇਤ	ਹਰਧੀਰਜ	ਹਰਮੱਗ
ਹਰਸੰਗਤ	ਹਰਚੋਜ	ਹਰਨਦਰ	ਹਰਮੰਗਤ
ਹਰਸੰਗੀਤ	ਹਰਜਨ	ਹਰਨਰਿੰਦਰ	ਹਰਮੱਜਨ
ਹਰਸੰਜੋਗ	ਹਰਜਾਪ	ਹਰਨਾਹੁ	ਹਰਮੰਤ
ਹਰਸੰਤ	ਹਰਜਾਮਨ	ਹਰਨਾਦ	ਹਰਮੰਦਰ
ਹਰਸੰਦੇਸ਼	ਹਰਜਿੰਦਰ	ਹਰਨਾਮ	ਹਰਮਨ
ਹਰਸਨੇਹ	ਹਰਜਿੰਦਰਪਾਲ	ਹਰਨਾਰਾਇਣ	ਹਰਮਾਨ
ਹਰਸਰ	ਹਰਜੀ	ਹਰਨਿਕੇਤ	ਹਰਮਾਰਗ
ਹਰਸ਼ਰਨ	ਹਰਜੀਤ	ਹਰਨਿਧਾਨ	ਹਰਮਿਲੰਤ
ਹਰਸਰੂਪ	ਹਰਜੀਵਨ	ਹਰਨੂਰ	ਹਰਮੀਤ
ਹਰਸਾ	ਹਰਜੋਤ	ਹਰਨੇਹ	ਹਰਮੁਖ
ਹਰਸਾਹੁ	ਹਰਟੇਕ	ਹਰਨੇਕ	ਹਰਮੂਰਤ
ਹਰਸਾਰ	ਹਰਡਗਰ	ਹਰਨੇਮ	ਹਰਮੇਹਰ
ਹਰਸਿਮਰ	ਹਰਤੀਰਥ	ਹਰਨੈਨ	ਹਰਮੇਲ
ਹਰਸਿਮਰਨ	ਹਰਤੁਰੰਗ	ਹਰਪਾਰਸ	ਹਰਰਸਨ
ਹਰਸੂਰਾ	ਹਰਤ੍ਰਿਪਤ	ਹਰਪਾਲ	ਹਰਰਾਜ
ਹਰਸੇਵ	ਹਰਥਾਨ	ਹਰਪੁਰਖ	ਹਰਰੂਪ
ਹਰਸੇਵਕ	ਹਰਦਯਾ	ਹਰਪ੍ਰਕਾਸ਼	ਹਰਰੇਣ
ਹਰਹੇਤ	ਹਰਦਯਾਲ	ਹਰਪ੍ਰਤਾਪ	ਹਰਲਾਲ
ਹਰਕੰਤ	ਹਰਦਾਸ	ਹਰਪ੍ਰੀਤ	ਹਰਲੀਨ
ਹਰਕਿਸ਼ਨ	ਹਰਦਾਤ	ਹਰਬੰਸ	ਹਰਲੋਚ

ਹਰਲੋਚਾ
ਹਰਵੰਸ਼
ਹਰਵੰਤ
ਹਰਵਰ
ਹਰਵਾਰਸ
ਹਰਵਿੰਦਰ
ਹਰਵੀਚਾਰ
ਹਰਵੀਰ
ਹਰਵੇਲ
ਹਰਾ
ਹਰਿਹਰ
ਹਰਿੰਦਰ
ਹਰੀ
ਹਰੀਪਾਲ
ਹਰੀਰਾਜ
ਹਰੇਂਦਰ
ਹਾਕਮ
ਹਾਜ਼ਰ
ਹਾਜ਼ਰਾ
ਹਿੰਦਜੀਤ
ਹਿੰਦਪਾਲ
ਹਿੰਮਤ
ਹਿਰਦੇਜੀਤ
ਹੀਰਾ
ਹੁਸਨਲ
ਹੁਸ਼ਿਆਰ
ਹੁਕਮ
ਹੁਮਾਊ
ਹੇਮ
ਹੇਮਕੁੰਟ

ਕ

ਕਸ਼ਮੀਰਾ
ਕਕਾਰ
ਕੰਚਨ
ਕਬੀਰ
ਕਮਲਜੀਤ
ਕਰਣਾਕਰ
ਕਰਤਾਕਰ
ਕਰਤਾਕਰਣ
ਕਰਤਾਰ
ਕਰਨ
ਕਰਨੈਲ
ਕਰਮ
ਕਰਮਜੀਤ
ਕਰਮਬੀਰ
ਕਰਮਵੀਰ
ਕਰਿਸ਼ਨਾ
ਕਰੀਮੁਲ
ਕਰੁਣਾਕਰਣ
ਕਰੁਣਾਲਯ
ਕਲਜੀਤ
ਕਲਯਾਣਾ
ਕਲਿਆਨ
ਕੰਵਰ
ਕੰਵਰਪ੍ਰੀਤ
ਕੰਵਲਜੀਤ
ਕੰਵਲਬੀਰ
ਕਾਦਰ
ਕਾਦਰਯਾਰ
ਕਾਨ੍ਹ
ਕਾਬਲ
ਕਾਲਕ੍ਰਿਪਾਨ
ਕਾਲਕ੍ਰਿਪਾਲ
ਕਾਲਪੁਰਖ
ਕਿਸ਼ਨ
ਕਿਰਤੀ
ਕਿਰਨ
ਕਿਰਪਾਕਰਨ
ਕਿਰਪਾਲ
ਕਿਲਵਿਖਹਰਣ
ਕੀਰਤ
ਕੀਤਰਨ
ਕੁਸ਼ਪਾਲ
ਕੁੰਦਨ
ਕੁਦਰਤ
ਕੁਮਕ
ਕੁਰਣਾਲਯ
ਕੁਲਜੀਤ
ਕੁਲਜੋਤ
ਕੁਲਤਾਰਨ
ਕੁਲਦੀਪ
ਕੁਲਦੇਵ
ਕੁਲਪ੍ਰੀਤ
ਕੁਲਬੀਰ
ਕਲਮੀਤ
ਕੁਲਰਾਜ
ਕੁਲਵਿੰਦਰ
ਕੁਲਵੀਰ
ਕੇਸਗੜ੍ਹ
ਕੇਸਰ
ਕੇਸਰੀ
ਕੇਸਵ
ਕੇਹਰ
ਕੇਹਰਜੀਤ
ਕੇਹਰਮੀਤ
ਕੇਵਲ
ਕੋਮਲ
ਕੋਮਲਚਿਤ
ਕੋਸ਼ਲ
ਕੌਰ ਸਿੰਘ
ਕ੍ਰਿਪਾਣਪਾਣ
ਕ੍ਰਿਪਾਨਿਧ
ਕ੍ਰਿਪਾਵੰਤ

ਖ

ਖਗਧੰਗ
ਖਗੇਂਦ੍
ਖੰਡਧਾਰ
ਖੰਡਾ
ਖਲਖੰਜਨ
ਖਲਘਾਇਕ
ਖੜਕ
ਖੜਗ
ਖੜਗਕੇਤ
ਖੜਗਿੰਦਰ
ਖੜਗੇਸ਼
ਖੁਸ਼ਹਾਲ
ਖੁਸ਼ਵੰਤ
ਖੁਦਾ
ਖੇਮ
ਖੇਮਾ

ਗ

ਗਹਿਬਰ

ਗਹਿਰਗੰਭੀਰ
ਗਗਨ
ਗੰਗਾ
ਗੱਜਣ
ਗਜਰਾਜ
ਗਜਰੂਪ
ਗਜਿੰਦਰ
ਗੰਡਾ
ਗਣੇਸ਼
ਗਨੀਮ
ਗੰਭੀਰ
ਗਮਦੂਰ
ਗਯਾਨ
ਗਰਸਾਗਰ
ਗਰਜਾ
ਗਰਧਾਰਾ
ਗਰਬਗੰਜਨ
ਗੜਗੱਜ
ਗਿਆਨ
ਗਿਆਨ ਪ੍ਰਬੋਧ
ਗੁੱਜਰ
ਗੁਣਗ੍ਰਾਹੀ
ਗੁਣਪ੍ਰਬੀਨ
ਗੁਣਵੰਤ
ਗੁਮਾਨ
ਗੁਰਉਸਤਤ
ਗੁਰਉਮੱਤ
ਗੁਰਉਵਾਚ
ਗੁਰਓਟ
ਗੁਰਅੰਸ਼
ਗੁਰਅਸਪ
ਗੁਰਅੰਗ
ਗੁਰਅੰਚਲ
ਗੁਰਆਸ਼ਕ
ਗੁਰਇਸ਼ਟ
ਗੁਰਸੰਗ
ਗੁਰਸੰਗਤ
ਗੁਰਸੰਜੋਗ
ਗੁਰਸੰਤ
ਗੁਰਸੰਦੇਸ਼
ਗੁਰਸਨੇਹ
ਗੁਰਸ਼ਰਨ
ਗੁਰਸਰੂਪ
ਗੁਰਸਾਹ
ਗੁਰਸਾਗਰ
ਗੁਰਸਾਰ
ਗੁਰਸਿਮਰ
ਗੁਰਸੁੰਦਰ
ਗੁਰਸੂਰਾ
ਗੁਰਸੇਵ
ਗੁਰਸੈਨ
ਗੁਰਸੋਭਾ
ਗੁਰਹੇਤ
ਗੁਰਕੰਤ
ਗੁਰਕਾਰ
ਗੁਰਕਿਰਨ
ਗੁਰਕਿਰਪਾ
ਗੁਰਕੀ ਕੌਰ
ਗੁਰਕੀਟ
ਗੁਰਕੀਰਤ
ਗੁਰਕੁਲ
ਗੁਰਕੇ
ਗੁਰਕੇਤ
ਗੁਰਕ੍ਰਿਪਾ
ਗੁਰਖੜਗ
ਗੁਰਗੰਮ
ਗੁਰਗਿਆਨ
ਗੁਰਚਰਨ
ਗੁਰਚੇਤ
ਗੁਰਚੋਜ
ਗੁਰਜੰਟ
ਗੁਰਜੰਤ
ਗੁਰਜਨ
ਗੁਰਜਾਨ
ਗੁਰਜਾਪ
ਗੁਰਜਾਮਨ
ਗੁਰਜੀ
ਗੁਰਜੀਤ
ਗੁਰਜੀਵਨ
ਗੁਰਜੈਪਾਲ
ਗੁਰਜੋਤ
ਗੁਰਜੋਧਾ
ਗੁਰਟੇਕ
ਗੁਰਡਗਰ
ਗੁਰਤੀਰ
ਗੁਰਤੀਰਥ
ਗੁਰਤੁਰੰਗ
ਗੁਰਤੇਜ
ਗੁਰਤ੍ਰਿਪਤ
ਗੁਰਥਾਨ
ਗੁਰਦਯਾ
ਗੁਰਦਾਸ
ਗੁਰਦਾਤ
ਗੁਰਦਾਦ
ਗੁਰਦਿਆਲ
ਗੁਰਦਿੱਤਾ
ਗੁਰਦੀਸ਼
ਗੁਰਦੀਪ
ਗੁਰਦੀਪਕ
ਗੁਰਦੀਪਨ
ਗੁਰਦੇਨ
ਗੁਰਦੇਵ
ਗੁਰਦ੍ਰਿਸ਼ਟ
ਗੁਰਧਾਮ
ਗੁਰਧਿਆਨ
ਗੁਰਧੀਰ
ਗੁਰਧੀਰਜ
ਗੁਰਨਦਰ
ਗੁਰਨਾਹ
ਗੁਰਨਾਦ
ਗੁਰਨਾਮ
ਗੁਰਨਿਕੇਤ
ਗੁਰਨੇਹ
ਗੁਰਨੇਕ
ਗੁਰਨੈਨ
ਗੁਰਪਾਣ
ਗੁਰਪਾਰਸ
ਗੁਰਪਾਲ
ਗੁਰਪੁਰਖ
ਗੁਰਪ੍ਰਸਾਦਿ
ਗੁਰਪ੍ਰਕਾਸ਼
ਗੁਰਪ੍ਰਤਾਪ
ਗੁਰਪ੍ਰੀਤ
ਗੁਰਬਖ਼ਸ਼
ਗੁਰਬਚਨ
ਗੁਰਬਰ
ਗੁਰਬਾਜ਼
ਗੁਰਬਾਣ

ਗੁਰਬਿਲਾਸ
ਗੁਰਬੀਰ
ਗੁਰਬੈਨ
ਗੁਰਬੋਹਿਥ
ਗੁਰਬੋਧ
ਗੁਰਬੋਹਿਥ
ਗੁਰਬੋਧ
ਗੁਰਭਗਤ
ਗੁਰਭਜਨ
ਗੁਰਭਾਗ
ਗੁਰਤੇਜ
ਗੁਰਮੱਗ
ਗੁਰਮੰਗਤ
ਗੁਰਮੱਜਨ
ਗੁਰਮੰਤ
ਗੁਰਮਤੀਆ
ਗੁਰਮਾਰਗ
ਗੁਰਮਿਲੰਤ
ਗੁਰਮੀਤ
ਗੁਰਮੀਨ
ਗੁਰਮੁੱਖ
ਗੁਰਮੂਰਤ
ਗੁਰਮੇਹਰ
ਗੁਰਮੇਜ
ਗੁਰਮੇਲ
ਗੁਰਮੋਹਰ
ਗੁਰਰਸਨ
ਗੁਰਰਜ
ਗਰੁਰਾਹ
ਗੁਰਰਾਜ
ਗੁਰਰੂਪ
ਗੁਰਰੇਣ

ਗੁਰਲਾਲ
ਗੁਰਲੀਨ
ਗੁਰਲੋਚ
ਗੁਰਲੋਚਾ
ਗੁਰਵੰਸ਼
ਗੁਰਵਰ
ਗੁਰਵਾਰਸ
ਗੁਰਵੀਚਾਰ
ਗੁਰਵੀਨ
ਗੁਰਾਤਮਾ
ਗੁਰਿੰਦਰ
ਗੁਰੂ
ਗੁਲਸ਼ਨ
ਗੁਲਸ਼ਾਦ
ਗੁਲਜ਼ਾਰ
ਗੁਲਜੀਤ
ਗੁਲਦਾਦ
ਗੁਲਬਾਗ
ਗੁਲਮੋਹਰ
ਗੁਲਰੇਜ਼
ਗੁਲਾਬ
ਗੁਲਾਲ
ਗੇਂਦਾ
ਗੈਰਤ
ਗੋਖਾ
ਗੋਪਾਲ
ਗੋਬਿੰਦ
ਗੋਬਿੰਦਰ
ਗੋਰਸੋਭਾ

ਘ

ਘਟਦੀਪ
ਘਟਪ੍ਰੀਤ
ਘਨ
ਘਮੰਡ
ਘਮੰਡਾ
ਘਰਬਾਰ
ਘਾਤ
ਘਾਲ

ਚ

ਚਉਪਾ
ਚਤਰ
ਚੰਦ
ਚੰਦਨ
ਚੰਦਾ
ਚੰਨਣ
ਚਮਕੌਰ
ਚਮਨ
ਚਰਨ
ਚਰਨਕੰਵਲਪ੍ਰੀਤ
ਚਰਨਜੀਤ
ਚਰਨਾਮ੍ਰਿਤ
ਚੰਵਰ
ਚੜ੍ਹਤ
ਚਾਨਣ
ਚਿਤਹਰਨ
ਚਿਤਚਰਨ
ਚੂਹੜ੍ਹ
ਚੇਤ
ਚੇਤਨ
ਚੇਤੰਨ
ਚੈਨ

ਛ

ਛਹਿਬਰ
ਛੱਤ੍ਰ
ਛੱਤ੍ਰਪਤ
ਛੰਦਵੀਰ
ਛਬੀਲ
ਛਵਿੰਦਰ
ਛਾਂਗਾ

ਜ

ਜਸਕਿਰਨ
ਜਸਕੀਰਤ
ਜਸਪਾਲ
ਜਸਪ੍ਰੀਤ
ਜਸਬੀਰ
ਜਸਮਤ
ਜਸਮੀਤ
ਜਸਮੇਰ
ਜਸਲੀਨ
ਜਸਵੰਤ
ਜੱਸਾ
ਜ਼ਹੂਰ
ਜੰਗ
ਜਗਜੀਤ
ਜੰਗਜੀਤ
ਜਗਤ

ਜਗਤਜੀਤ
ਜਗਤਜੋਤ
ਜਗਤਾਰ
ਜਗਦੀਸ਼
ਜਗਦੀਪ
ਜਗਪ੍ਰੀਤ
ਜੰਗਬਹਾਦਰ
ਜਗਬੀਰ
ਜਗਮਾਤ
ਜਗਮੀਤ
ਜਗਮੇਹਰ
ਜਗਮੇਰ
ਜਗਮੋਹਨ
ਜਗਰਾਜ
ਜਗਰੂਪ
ਜੰਗਰੂਪ
ਜਗਵਿੰਦਰ
ਜਗੀਰ
ਜੰਗੀਰ
ਜੰਤ
ਜਤਿੰਦਰ
ਜਤੀ
ਜਨਨਾਇਕ
ਜਨਮੇਜਾ
ਜਪੀ
ਜਮਨਾ
ਜਮਰੌਦ
ਜਮੀਲ
ਜਰਨੈਲ
ਜਵੰਦ
ਜਵਾਹਰ
ਜਵਾਲਾ

ਜ਼ਾਹਰ
ਜਾਗਤ
ਜਾਗਰ
ਜਾਗ੍ਰਿਤ
ਜਾਚਕ
ਜਾਨਭਾਈ
ਜਾਪ
ਜਾਂਬਾਜ਼
ਜਿੰਦ ਕੌਰ
ਜਿਵੰਦਾ
ਜੀਅਦਾਨ
ਜੀਤ
ਜੀਵਣ
ਜੀਵਨ
ਜੀਵਨਜੁਗਤ
ਜੀਵਨਜੋਤ
ਜੀਵਨਪ੍ਰੀਤ
ਜੁਗਤਾਰ
ਜੁਗਰਾਜ
ਜੁਝਾਰ
ਜੁਰੱਤ
ਜੇਠਾ
ਜੇਠੂ
ਜੈਕਾਰ
ਜੈਜੰਗ
ਜੈਤੇਗ
ਜੈਮਲ
ਜ਼ੈਲ
ਜੋਗਜੁਗਤ
ਜੋਗਾ
ਜੋਗਿੰਦਰ
ਜੋਤ

ਜੋਤੀ
ਜੋਧ
ਜੋਧਾ
ਜ਼ੋਰਾਵਰ
ਜੌਹਰ

ਝ

ਝਲਮਣ
ਝੰਡਾ
ਝੰਡੂ

ਟ

ਟਹਕਣ
ਟਹਿਲ
ਟਮਕ
ਟੇਕ
ਟੋਡਰ

ਠ

ਠਾਹਰ
ਠਾਕੁਰ
ਠਾਠ
ਠਾਰ੍ਹਾ

ਡ

ਡਗਰ
ਡੰਡਧਰ
ਡੱਲਾ
ਡੋਗਰ

ਢ

ਢਮਕ
ਢਲਹਲ
ਢਾਰਾ
ਢੂੰਡਰਾਜ
ਢੂੰਡਾ
ਢੇਰਾ

ਤ

ਤਖ਼ਤ
ਤਨਵੀਰ
ਤਪੀਸਰ
ਤਪੋਧਨ
ਤਪੋਬਨ
ਤਰਸੇਮ
ਤਰਨਜੀਤ
ਤਰਲੋਕ
ਤਰਲੋਚਨ
ਤਲਵਿੰਦਰ
ਤਾਜਿੰਦਰ
ਤਾਪਹਰਣ
ਤਾਰਨ
ਤਾਰਾ
ਤਾਰੂ
ਤਿਮਰਨਾਸ
ਤਿਲੰਗ
ਤੀਰ

ਤੀਰਥ
ਤੁਖਾਰ
ਤੁਲਸਾ
ਤੇਗ
ਤੇਗਬਹਾਦਰ
ਤੇਗਾ
ਤੇਜ
ਤੇਜਾ
ਤੇਜਿੰਦਰ
ਤੇਰਾਂ
ਤੋਤਾ
ਤ੍ਰਾਸਹਰਣ
ਤ੍ਰਾਸਨਿਵਾਰ
ਤ੍ਰਿਖਾਵੰਤ
ਤ੍ਰਿਪਤ
ਤ੍ਰਿਪਤਰੰਜਣ
ਤ੍ਰੁਪ੍ਰਸਾਦਿ

ਥ

ਥੰਮਣ
ਥਾਨ
ਥਾਨੇਸੁਰ
ਥਾਰਾ

ਦ

ਦਸਤਗੀਰ
ਦਸੌਧਾ
ਦਮਨਜੀਤ
ਦਮਨਪ੍ਰੀਤ
ਦਯਾ
ਦਰਸ਼ਨ
ਦਰਸ਼ਨ ਸ਼ੁੱਧ
ਦਰਸ਼ਨਜੀਤ
ਦਰਸ਼ਨਜੋਤ
ਦਰਪਣ
ਦਰਬਾਰਾ
ਦਰਵੇਸ਼
ਦਲ
ਦਲਜੀਤ
ਦਲਪਤ
ਦਲਭੰਜਨ
ਦੱਲੀਪ
ਦਵਿੰਦਰ
ਦਾਤਾ
ਦਾਤਾਰ
ਦਾਨਵਾਨ
ਦਾਨਬੀਰ
ਦਿਆਲ
ਦਿੱਤ
ਦਿਲਸ਼ਾਦ
ਦਿਲਬਾਗ
ਦਿਲਮੇਘ
ਦਿਲਰਾਜ
ਦਿਲਾਵਰ
ਦੀਦਾਰ
ਦੀਨਦਿਆਲ
ਦੀਨਪਤ
ਦੀਪ
ਦੀਪਕ
ਦੀਪਕਮਲ
ਦੀਪਜੋਤ
ਦੀਪਿੰਦਰ
ਦੀਵਾਨ
ਦੁਸ਼ਟਦਮਨ
ਦੁਖਹਰਨ
ਦੁਖਗੰਜਨ
ਦੁਖਭੰਜਨ
ਦੁਨੀਪਤ
ਦੁਰਲੱਭ
ਦੂਖਹਰਣ
ਦੂਖਨਿਵਾਰਨ
ਦੂਖਬਿਦਾਰਣ
ਦੇਸਾ
ਦੇਗ ਤੇਗ
ਦੇਗਾ
ਦੇਵਰੂਪ
ਦੇਵਾ
ਦੇਵਾਤਮਾ
ਦੇਵਾਨਦੇਵ
ਦੇਵਿੰਦਰ
ਦੋਖਹਰਣ
ਦੋਖਬਿਦਾਰਣ
ਦੋਧਾਰਾ
ਦੌਲਤ
ਦ੍ਰਿਸ਼ਟ

ਧ

ਧਉਲ
ਧਨਵੰਤ
ਧੰਨਾ
ਧਨੁਰਪਾਨ
ਧਰਮ
ਧਰਮਸੇਤ
ਧਰਮਕੇਤ
ਧਰਮਧੁਜ
ਧਰਮਨਾਦ
ਧਰਮਪਾਲ
ਧਰਮਬੀਰ
ਧਰਮਵੀਰ
ਧਰੂ
ਧਿਆਨ
ਧੀਰਜ
ਧੌਲਧਰਮ

ਨ

ਨਗਿੰਦਰ
ਨਗੀਨਾ
ਨਛੱਤਰ
ਨਜ਼ੀਰ
ਨੱਥਾ
ਨੰਦ
ਨਰਨਾਇਕ
ਨਰਪਤ
ਨਰਿੰਦ
ਨਰਿੰਦਰ
ਨਵਜੀਵਨ
ਨਵਜੋਤ
ਨਵਜੋਧ
ਨਵਤੇਜ
ਨਵਦੀਪ
ਨਵਦੀਪਕ
ਨਵਦੀਪਨ
ਨਵੀਨ
ਨਾਹਰ

ਨਾਜ਼ਰ
ਨਾਥ
ਨਾਨਕ
ਨਾਮਆਧਾਰ
ਨਾਮਦੀਪ
ਨਾਮਦੇਵ
ਨਾਮਰਸ
ਨਾਰਾਇਣ
ਨਿਸ਼ਚਲ
ਨਿਸ਼ਾਨ
ਨਿਹਕਲੰਕ
ਨਿਹੰਗ
ਨਿਹਾਲ
ਨਿਡਰ
ਨਿਤਨੇਮ
ਨਿਧਾਨ
ਨਿਰੰਕਾਰ
ਨਿਰੰਜਨ
ਨਿਰਜਰੁ
ਨਿਰਤ੍ਰਾਸ
ਨਿਰਦੋਖੀ
ਨਿਰਨਿਕਾਰ
ਨਿਰਪਾਲ
ਨਿਰਬਾਧ
ਨਿਰਭੈ
ਨਿਰਮਲ
ਨਿਰਮਲ ਬੁੱਧ
ਨਿਰਮਾਣ
ਨਿਰਮੋਹ
ਨਿਰਲੰਭ
ਨਿਰਲੇਪ
ਨਿਰਵੈਰ

ਨਿਰਾਲਮ
ਨੀਸਾਣ
ਨੀਲ
ਨੀਲਅਸਪ
ਨੀਲਅੰਬਰ
ਨੀਲਤੁਰੰਗ
ਨੇਕਲੰਕ
ਨੇਜ਼ਾ
ਨੌਧ
ਨੌਨਿਧ
ਨੌਬਤ
ਨੌਰੰਗ
ਨ੍ਰਿਪਤ

ਪ

ਪੰਚਮ
ਪੰਚਾਇਣ
ਪੰਜਤੀਰ
ਪੰਜਨੰਦ
ਪੰਜਾਬ
ਪਤਵੰਤ
ਪਦਮ
ਪਦਮਾਪਤਿ
ਪਰਉਪਕਾਰ
ਪਰਉਮਾਹ
ਪਰਸੰਨ
ਪਰਗਟ
ਪਰਣੀਤ
ਪਰਮ
ਪਰਮਹੰਸ
ਪਰਮਜੀਤ

ਪਰਮਜੋਤ
ਪਰਮਦਿਆਲ
ਪਰਮਪਦ
ਪਰਮਪਰੀਤ
ਪਰਮਪਾਲ
ਪਰਮਪੁਰਖ
ਪਰਮਾਤਮ
ਪਰਮਾਤਮਾ
ਪਰਮਾਨੰਦ
ਪਰਮਿੰਦਰ
ਪਰਵਿੰਦਰ
ਪਰਿਪੂਰਨ
ਪਵਨਜੀਤ
ਪਵਨਪ੍ਰੀਤ
ਪਵਨੀਤ
ਪਵਿੱਤ
ਪਵਿੱਤਰ
ਪਾਹੁਲ
ਪਾਰਸ
ਪਾਰਬ੍ਰਹਮ
ਪਾਲ
ਪਾਵਨ
ਪਿਆਰ
ਪਿਆਰਾ
ਪਿਰਥੀ
ਪੁਨੀਤ
ਪੂਰਨ
ਪ੍ਰਸਾਦੀ
ਪ੍ਰਕਾਸ਼
ਪ੍ਰਗਟ
ਪ੍ਰਚੰਡ
ਪ੍ਰਤਾਪ

ਪ੍ਰਦੀਪ
ਪ੍ਰਧਾਨ
ਪ੍ਰਬੁੱਧ
ਪ੍ਰਭਉੱਮਤ
ਪ੍ਰਭਉਵਾਲ
ਪ੍ਰਭਓਟ
ਪ੍ਰਭਅੰਸ਼
ਪ੍ਰਭਅੰਚਲ
ਪ੍ਰਭਸੰਗ
ਪ੍ਰਭਸੰਗਤ
ਪ੍ਰਭਸੰਜੋਗ
ਪ੍ਰਭਸੰਤ
ਪ੍ਰਭਸੰਦੇਸ਼
ਪ੍ਰਭਸਨੇਹ
ਪ੍ਰਭਸਰੂਪ
ਪ੍ਰਭਸਾਹ
ਪ੍ਰਭਸਾਗਰ
ਪ੍ਰਭਸੂਰਾ
ਪ੍ਰਭਸੇਵਕ
ਪ੍ਰਭਹੇਤ
ਪ੍ਰਭੰਕਤ
ਪ੍ਰਭਾਕਰ
ਪ੍ਰਭਕਿਰਨ
ਪ੍ਰਭਕਿਰਪਾ
ਪ੍ਰਭਕੀ
ਪ੍ਰਭਕੀਟ
ਪ੍ਰਭਕੀਰਤ
ਪ੍ਰਭਕੁਲ
ਪ੍ਰਭਕੇ
ਪ੍ਰਭਗਿਆਨ
ਪ੍ਰਭਚੋਜ
ਪ੍ਰਭਜਨ

ਪ੍ਰਭਜਾਪ
ਪ੍ਰਭਜਾਮਨ
ਪ੍ਰਭਜੀਵਨ
ਪ੍ਰਭਜੋਤ
ਪ੍ਰਭਟੇਕ
ਪ੍ਰਭਤੀਰਥ
ਪ੍ਰਭਦਯਾ
ਪ੍ਰਭਦਾਦ
ਪ੍ਰਭਦੀਸ਼
ਪ੍ਰਭਦੀਪਕ
ਪ੍ਰਭਦੀਪਨ
ਪ੍ਰਭਦ੍ਰਿਸ਼ਟ
ਪ੍ਰਭਧਾਮ
ਪ੍ਰਭਧਿਆਨ
ਪ੍ਰਭਧੀਰ
ਪ੍ਰਭਧੀਰਜ
ਪ੍ਰਭਨਦਰ
ਪ੍ਰਭਨਾਹ
ਪ੍ਰਭਨਾਦ
ਪ੍ਰਭਨਿਕੇਤ
ਪ੍ਰਭਨੇਹ
ਪ੍ਰਭਨੈਨ
ਪ੍ਰਭਪਾਲ
ਪ੍ਰਭਪੁਰਖ
ਪ੍ਰਭਪੈਗਾਮ
ਪ੍ਰਭਪ੍ਰਕਾਸ਼
ਪ੍ਰਭਪ੍ਰਤਾਪ
ਪ੍ਰਭਬੋਹਿਥ
ਪ੍ਰਭਮੱਗ
ਪ੍ਰਭਮੰਗਤ
ਪ੍ਰਭਮੱਜਨ
ਪ੍ਰਭਮੰਤ
ਪ੍ਰਭਮਾਰਗ
ਪ੍ਰਭਮਿਲੰਤ
ਪ੍ਰਭਮੀਤ
ਪ੍ਰਭਮੂਰਤ
ਪ੍ਰਭਮੇਹਰ
ਪ੍ਰਭਰੂਪ
ਪ੍ਰਭਰੇਣ
ਪ੍ਰਭਲੋਚ
ਪ੍ਰਭਲੋਚਾ
ਪ੍ਰਭਵੰਸ਼
ਪ੍ਰਭਵਰ
ਪ੍ਰਭਵਾਰਸ
ਪ੍ਰਭਵੀਚਾਰ
ਪ੍ਰਭੂਦਯਾ
ਪ੍ਰਾਣ
ਪ੍ਰਾਣਨਾਥ
ਪ੍ਰਾਣਪਤ
ਪ੍ਰਿਥਵੀਪਾਲ
ਪ੍ਰਿਥੀਪਾਲ
ਪ੍ਰੀਤ
ਪ੍ਰੀਤਹਰੀ
ਪ੍ਰੀਤਜੀਤ
ਪ੍ਰੀਤਜੋਤ
ਪ੍ਰੀਤਮੀਤ
ਪ੍ਰੀਤਰੀਤ
ਪ੍ਰੇਮ
ਪ੍ਰੇਮਨਾਥ
ਪ੍ਰੇਮਪਕਾਸ਼

ਫ

ਫਕੀਰ
ਫ਼ਤਹਿ
ਫ਼ਤਹਿਗੜ੍ਹ
ਫ਼ਹਿਤਜੰਗ
ਫ਼ਤਹਿਯਾਬ
ਫ਼ਰਜੰਦ
ਫ਼ਰੀਦ
ਫ਼ੁੱਮਣ
ਫ਼ੂਲ
ਫ਼ੂਲਾ
ਫ਼ੌਜਿੰਦਰ
ਫ਼ੌਜਾ

ਬ

ਬਸੰਤ
ਬਹਾਦਰ
ਬਖ਼ਸ਼ੀਸ਼
ਬਖ਼ਤਾਵਰ
ਬਘੇਲ
ਬਚਨ
ਬਚਿੱਤਰ
ਬੰਦਾ
ਬਰਕਤ
ਬਰਜਿੰਦਰ
ਬਲਕਰਨ
ਬਲਕਾਰ
ਬਲਜੀਤ
ਬਲਦੀਪ
ਬਲਦੇਵ
ਬਲਬੀਰ
ਬਲਰਾਜ
ਬਲਵੰਤ
ਬਲਵਿੰਦਰ
ਬਲਿਹਾਰ
ਬਲੀ
ਬਾਸ਼ਊਰ
ਬਾਜ਼
ਬਾਬੇਕ
ਬਾਲਕ
ਬਾਲਾ
ਬਾਵਕਾਰ
ਬਾਵਾ
ਬਿਅੰਤ
ਬਿਕਰਮ
ਬਿਕ੍ਰਮ
ਬਿਘਨਹਰਣ
ਬਿਘਨਬਿਨਾਸਨ
ਬਿਜੈ
ਬਿਧੀ
ਬਿਨਵੰਤ
ਬਿਨੋਦ
ਬਿਬੇਕ
ਬਿਮਲ
ਬਿਲਾਵਲ
ਬੀਰ
ਬੀਰਜਤਿੰਦਰ
ਬੀਰਜੋਤ
ਬੀਰਦਵਿੰਦਰ
ਬੀਰਮਹਿੰਦਰ
ਬੁੱਧ
ਬੁਲਾਕਾ
ਬੂਟਾ
ਬੂੜ੍ਹ
ਬੇਅੰਤ

ਬੇਨਜ਼ੀਰ
ਬੇਲਾ
ਬੇਤਾ
ਬੋਧ
ਬੋਲਬਾਲਾ
ਬ੍ਰਹਮ

ਭ

ਭਗਤ
ਭਗਵੰਤ
ਭਗਵਾਨ
ਭਜਨ
ਭਜਨੀਕ
ਭਜਨੀਤ
ਭਰਪੂਰ
ਭਰਮਨਾਸ
ਭਲਵਾਨ
ਭਲਿੰਦਰ
ਭਵਸਾਗਰ
ਭਾਗ
ਭਾਨ
ਭੀਖਣ
ਭੁਜੰਗ
ਭੁਜੰਗਪ੍ਰਤਾਪ
ਭੁਪਿੰਦਰ
ਭੂਪ
ਭੂਪਤ
ਭੂਮ
ਭੈਮੰਜਨ
ਭੋਲਾ
ਭੌਰਾ

ਮ

ਮਹਾਂ
ਮਹਾਰਾਜ
ਮਹਿੰਗਾ
ਮਹਿਤਾਬ
ਮਹਿਮਾ
ਮਹਿਮਾਪ੍ਰਕਾਸ਼
ਮਹਿਲ
ਮਹੀਆ
ਮਹੀਪ
ਮਹੀਪਾਲ
ਮਹੇਸ਼
ਮਹੇਸ਼ਾ
ਮਹੇਸ਼ਿੰਦਰ
ਮਕਰੰਦ
ਮਕਬੂਲ
ਮੱਖਣ
ਮੰਗਤ
ਮੰਗਲ
ਮੱਘਰ
ਮੰਝ
ਮਥਰਾ
ਮਦਨ
ਮਦਨਜੀਤ
ਮੰਦਰ
ਮਧੁਰਬੈਨ
ਮਨਸਾ
ਮਨਸਿਮਰ
ਮਨਹਰ
ਮਨਹਰਨ
ਮਨਚਾਉ
ਮਨਜੀਤ
ਮਨਜੋਤ
ਮਨਟੇਕ
ਮਨਪ੍ਰੀਤ
ਮਨਬੀਰ
ਮਨਮੋਹਨ
ਮਨੀ
ਮਨੋਹਰ
ਮਨੋਰਥ
ਮੱਲ
ਮਲਕੀਤ
ਮਲਢ
ਮਲੂਕ
ਮਾਧੋ
ਮਾਨ
ਮਾਨਵਿੰਦਰ
ਮਾਲਵਿੰਦਰ
ਮਿਸ਼ਰਾ
ਮਿਹਰਪ੍ਰੀਤ
ਮਿਹਰਬਾਨ
ਮਿਠਬੋਲ
ਮਿੱਠਾ
ਮਿੱਤ
ਮਿਤ੍ਰਪਾਲ
ਮਿਲਖਾ
ਮੀਤਪਾਲ
ਮੀਨਚਪਲ
ਮੀਨਜੁਗਤ
ਮੁਕਤ
ਮੁਕੰਦ
ਮੁਕਾਮ
ਮੁਖਬੈਨ
ਮੁਖਮੋਹਨ
ਮੁਖੀ
ਮੁਬਾਰਕ
ਮੁਰੀਦ
ਮੁਲਤਾਨ
ਮੂਲ
ਮੇਹਰ
ਮੇਘ
ਮੇਘਰਾਜ
ਮੇਜਰ
ਮੇਦਨੀਪ੍ਰਕਾਸ਼
ਮੇਦਨੀਪ੍ਰਤਾਪ
ਮੇਲਾ
ਮੇਵਾ
ਮੈਕਾਲਫ਼
ਮੋਹਕਮ
ਮੋਹਨ
ਮੋਹਨਜੋਤ
ਮੋਹਨਬੀਰ
ਮੋਹਰ
ਮੋਤੀ
ਮੋਦਨ
ਮੌਲਾਦੱਤ
ਮੌਲਾਦਾਤ
ਮੌਲਾਦਾਦ
ਮੌਲਾਬਖ਼ਸ਼
ਮ੍ਰਿਦੰਗ

ਯ

ਯਸ਼ਪਾਲ
ਯਸ਼ਵਿੰਦਰ
ਯਵਨਜੀਤ

ਯਾਦਵਿੰਦਰ
ਯਾਦਵਿੰਦਰਾ
ਯੁੱਧਵੀਰ
ਯੁਵਰਾਜ

ਰ

ਰਸ਼ਪਾਲ
ਰਹਿਬਰ
ਰਹਿਮਤ
ਰੰਗੀਲ
ਰਘਬੀਰ
ਰਛਪਾਲ
ਰਣਜੀਤ
ਰਣਜੋਧ
ਰਣਦੀਪ
ਰਣਧੀਰ
ਰਣਪ੍ਰੀਤ
ਰਤਨ
ਰਤਨਾਕਰ
ਰਬਾਬ
ਰਮਣੀਕ
ਰਮਿੰਦਰ
ਰਵਜੀਤ
ਰਵਜੋਤ
ਰਵੀਇੰਦਰ
ਰਵੀਪਾਲ
ਰਵੇਲ
ਰਾਇਬੁਲਾਰ
ਰਾਏ
ਰਾਜ
ਰਾਜਦਵਿੰਦਰ
ਰਾਜਪਾਲ
ਰਾਜਪ੍ਰੀਤ
ਰਾਜਬੀਰ
ਰਾਜਮੰਤ
ਰਾਜਮੀਤ
ਰਾਜਵੰਤ
ਰਾਜਵਿੰਦਰ
ਰਾਜਾ
ਰਾਜਾਨ ਰਾਜ
ਰਾਜਿੰਦਰ
ਰਾਮ
ਰਾਮਕਾਰ
ਰਾਮਪਾਲ
ਰਿਪੁਤਾਪਨ
ਰਿਪੁਦਮਨ
ਰਿਪੁਭੰਜਨ
ਰੁਸਤਮ
ਰੂਪ
ਰੂਪਾ
ਰੂਪਿੰਦਰ
ਰੇਸ਼ਮ
ਰੋਸ਼ਨ
ਰੌਣਕ

ਲ

ਲਸ਼ਕਰ
ਲਹਿਣਾ
ਲਹਿਬੰਰ
ਲਹਿਰ
ਲਖਬੀਰ
ਲਖਮੀਰ
ਲਖਵਿੰਦਰ
ਲੱਖਾ
ਲਖਿੰਦਰ
ਲਛਮਣ
ਲਧਾ
ਲਵਲੀਨ
ਲਾਜਵੰਤ
ਲਾਜਵਿੰਦਰ
ਲਾਭ
ਲਾਲ
ਲਾਲਜੀ
ਲਿਵਜੋਤ
ਲਿਵਤਾਰ
ਲਿਵਰੂਪ
ਲਿਵਲੀਨ
ਲੋਹਕਲਮ
ਲੋਹਪੁਰਖ
ਲੋਚਨ

ਵ

ਵੱਸਣ
ਵਕਾਰ
ਵਜ਼ੀਰ
ਵਡਹੰਸ
ਵਡਭਾਗ
ਵਤਨ
ਵੱਤਰ
ਵਧਾਵਾ
ਵਰਿਆਮ
ਵਰਿੰਦਰ
ਵਾਸਦੇਵ
ਵਾਹਿਗੁਰੂ
ਵਾਰਸ
ਵਿਸਮਾਦ
ਵਿਸ਼ਵਜੀਤ
ਵਿਸ਼ਵਮੀਤ
ਵਿਸ਼ਵਾਮਿਤ੍ਰ
ਵਿਸਾਖਾ
ਵਿਕਰਮ
ਵਿਦਿਆਸਾਗਰ
ਵਿਦਿਆਧਰ
ਵਿਰਸਾ
ਵੀਰ

****

ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ
ਦੇ ਪ੍ਰਬੰਧ ਅਧੀਨ
ਚਲ ਰਹੇ ਟਰੱਸਟਾਂ ਦਾ ਕਾਰਜ ਖੇਤਰ

1. ***ਅਕਾਲੀ ਫੂਲਾ ਸਿੰਘ ਯਾਦਗਾਰੀ ਟਰੱਸਟ***
   ਹਰ ਸਾਲ ਸਿੱਖ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਧਰਮ, ਸਿੱਖ ਨੈਤਿਕਤਾ, ਸਿੱਖ ਇਤਿਹਾਸ ਤੇ ਸਭਿਆਚਾਰ ਬਾਰੇ ਪਿਛਲੇ ਸਾਲ ਵਿਚ ਛਪੀ ਸਭ ਤੋਂ ਵਧੀਆ ਪੁਸਤਕ ਨੂੰ 6100/- ਦਾ ਇਨਾਮ ਦਿੱਤਾ ਜਾਂਦਾ ਹੈ।

2. ***ਡਾ. ਗੰਡਾ ਸਿੰਘ ਯਾਦਗਾਰੀ ਟਰੱਸਟ***
   ਵਾਰਸ਼ਕ ਖੋਜ-ਪੱਤਰ ਪ੍ਰਤਿਯੋਗਤਾ ਵਿਚ ਪਹਿਲੇ, ਦੂਜੇ ਤੇ ਤੀਜੇ ਸਥਾਨ ਉਪਰ ਆਉਣ ਵਾਲੇ ਖੋਜ-ਪੱਤਰਾਂ ਨੂੰ ਕ੍ਰਮਵਾਰ 2100/-, 1500/- ਤੇ 1000/- ਰੁਪਏ ਦਾ ਇਨਾਮ ਤੇ ਹੋਰ ਕਈ ਉਤਸ਼ਾਹ ਦਵਾਊ ਇਨਾਮ ਦਿੱਤੇ ਜਾਂਦੇ ਹਨ।

3. ***ਮਦਰ ਆਫ਼ ਖਾਲਸਾ ਯਾਦਗਾਰੀ ਟਰੱਸਟ***
   ਹਰ ਸਾਲ ਕਾਲਜ ਦੇ ਵਿਦਿਆਰਥੀਆਂ ਲਈ ਭਾਰਤ ਪੱਧਰ ਤੇ ਗੁਰਮਤਿ ਦਾ ਇਮਤਿਹਾਨ ਲੈ ਕੇ ਹਰ ਜ਼ੋਨ ਵਿਚੋਂ ਪ੍ਰਥਮ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਇਹ ਇਮਤਿਹਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵਲੋਂ ਆਯੋਜਿਤ ਕੀਤੇ ਜਾਂਦੇ ਹਨ।

4. ***ਗਿਆਨੀ ਕਰਤਾਰ ਸਿੰਘ ਯਾਦਗਾਰੀ ਟਰੱਸਟ ਅਤੇ ਗਿਆਨੀ ਦਿੱਤ ਸਿੰਘ ਯਾਦਗਾਰੀ ਟਰੱਸਟ***
   ਇਨ੍ਹਾਂ ਟਰੱਸਟਾਂ ਵਲੋਂ ਵਿਭਿੰਨ ਸਥਾਨਾਂ ਉਪਰ ਕ੍ਰਮਵਾਰ ਵਕਤਾ ਤੇ ਲੇਖਕ ਕਾਰਜਸ਼ਾਲਾ ਲਗਾ ਕੇ ਨੌਜੁਆਨਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਇਨ੍ਹਾਂ ਦਾ ਆਯੋਜਨ ਵੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵਲੋਂ ਕੀਤਾ ਜਾਂਦਾ ਹੈ।

5. ***ਭਗਤ ਲਛਮਣ ਸਿੰਘ ਯਾਦਗਾਰੀ ਟਰੱਸਟ***
   ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਰਾਹੀਂ ਵਿਭਿੰਨ ਕਾਲਜਾਂ ਤੇ ਸਕੂਲਾਂ ਵਿਚ ਵਿਦਵਾਨਾਂ ਵਲੋਂ ਗੁਰਮਤਿ ਅਥਵਾ ਗੁਰਇਤਿਹਾਸ ਦੇ ਵਿਸ਼ਿਆਂ ਉਤੇ ਭਾਸ਼ਨ ਕਰਵਾਏ ਜਾਂਦੇ ਹਨ।

6. ***ਸ. ਨਰੈਣ ਸਿੰਘ ਯਾਦਗਾਰੀ ਟਰੱਸਟ***
   ਸਕੂਲ ਦੇ ਵਿਦਿਆਰਥੀਆਂ ਨੂੰ ਵਜ਼ੀਫੇ ਅਤੇ ਗੁਰਮਤਿ ਕਾਲਜ ਦੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।

ਛਾਪਕ : ਜੋਹਰਾ ਪ੍ਰਿੰਟਰਜ਼, ਪਟਿਆਲਾ। ਫੋਨ 210686

ਗੁਰੂ ਨਾਨਕ ਦੇਵ ਮਿਸ਼ਨ ਵਲੋਂ
ਛਾਪੇ ਗਏ ਕੁੱਝ ਟ੍ਰੈਕਟ

ਲੜੀ ਨੰ:	ਟ੍ਰੈਕਟ ਦਾ ਨਾਮ	ਕੀਮਤ
478	ਸਿੱਖ ਸੱਭਿਆਚਾਰ – 'ਸ' ਸੱਭਿਆਚਾਰ	6.00
479	1699 ਦੀ ਵਿਸਾਖੀ	10.00
480	The vision of Gursikh (The Disciple of the Guru) in Gurbani	8.00
481	ਭਾਈ ਮੱਖਣ ਸ਼ਾਹ ਲੁਬਾਣਾ	6.00
483	ਸ਼ਹੀਦੀ ਦਾ ਸੰਕਲਪ ਤੇ ਸਿੱਖ ਜੀਵਨ ਜਾਚ	4.00
484	Permanent Peace	
467	ਬਾਣੀ ਨਾਮਦੇਵ ਜੀ	8.00
468	ਸੁਖਮਨੀ ਸਾਹਿਬ ਦਾ ਆਦਰਸ਼-ਮਨੁੱਖ – ਬ੍ਰਹਮ ਗਿਆਨੀ	5.00
462	ਗੁਰਮਤਿ ਵਿੱਚ ਤਖਤਾਂ ਦੀ ਮਹਾਨਤਾ	6.00
461	ਗੁਰਮਤਿ ਵਿਚ ਅਧਿਆਤਮਕ ਅਤੇ ਦੁਨਿਆਵੀ ਖੇਤਰ ਵਿਚ ਕਾਰਜ ਦੀ ਸੁਤੰਤਰਤਾ	6.00
466	Why am I a Sikh ?	2.00
465	ਗੁਰਬਾਣੀ ਪਾਠ ਕਿਵੇਂ ਕਰੀਏ ?	4.00
485, 486	ਸਿੱਖੀ ਸਿੱਖਿਆ ਗੁਰਵਿਚਾਰ	10-00
487	ਜਥੇਦਾਰ ਅੱਛਰ ਸਿੰਘ	
488	ਦਸਮ ਗ੍ਰੰਥ ਸੰਖੇਪ ਨਿਰੀਖਣ	

ਚੰਦਿਆਂ ਦੀ ਦਰ

ਭਾਰਤ

ਵਾਰਸ਼ਿਕ 35-00

ਜੀਵਨ-ਪ੍ਰਯੰਤ 350-00

ਵਿਦੇਸ਼

ਜੀਵਨ ਪ੍ਰਯੰਤ 1000-00